
ISSN 0972-2335

# ਅੰਮ੍ਰਿਤ ਕੀਰਤਨ

ਅਗਸਤ 2021



Books and music saved me as a teenager because it was through them that I realized that I wasn't alone in my obsessive love for words and music.

***Charles de Lint***

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਸ਼ੁੱਕਰਵਾਰ

ਸ਼ੁੱਕਰਵਾਰ ਕਰੀਏ ਸਦਾ ਸ਼ੁਕਰ ਉਹਦਾ,
ਜਿਸ ਮੂਰਖਾਂ ਵਲ ਧਿਆਨ
ਕੀਤਾ ।
ਸਾਡੇ ਪਾਸ ਨਾਹੀਂ ਕੋਈ ਗੁਣ ਹੈਸੀ,
ਮਿਹਰ ਕਰ ਸਾਈਂ ਗੁਣਵਾਨ
ਕੀਤਾ ।
ਖਿੜਿਆ ਬਾਗ਼ ਪਰਿਵਾਰ ਹੈ ਆਪ
ਸਦਕੇ,
ਭੈਣਾਂ ਭਾਈਆਂ ਤਾਈਂ ਇਕ
ਜਾਨ ਕੀਤਾ ।
ਨਿੰਦਿਆ ਚੁਗਲੀ ਜੇਕਰ ਵਰਜ ਦੇਈਏ,
ਪਾਠ ਪੂਜਾ ਨੂੰ ਬਹੁਤ ਮਹਾਨ
ਕੀਤਾ ।
ਨਾਲ ਪਿਆਰ ਮੁਹੱਬਤਾਂ ਵਧਦੀਆਂ ਨੇ,

## शुक्रवार

शुक्रवार करिये सदा शुक्र उहदा ,
जिस मुर्खा वल ध्यान
कीता ।
साडे पास नाही कोई गुण हैसी ,
मेहर कर सांई गुणवान
कीता ।
खिड़िया बाग़ परिवार है आप सदके
,
भैणां भाईयां ताई इक
जान कीता ।
निंदिया चुगली जे कर वर्ज देईये ,
पाठ पूजा नू बहुत महान
कीता ।
नाल प्यार मुहबतां वधदियां ने ,
घरों खुदी बख़ीली रवान

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼** ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਸ਼ੁਕਰਵਾਰ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਨਿਰੰਤਰ ਨਾਦ ਬਨਾਮ ਟਿੱਨੀਟਸ(TINNITUS) ਰੋਗ 2

ਸ੍ਰੀ ਅਕਾਲ ਤਖ਼ਤ ਸਾਹਿਬ : ਇੱਕ ਸੰਕਲਪ 4
ਡਾ. ਜਾਗੀਰ ਸਿੰਘ

ਪੜਤਾਲ ਸ਼ਬਦ ਗਾਇਨ : ਵਿਭਿੰਨ ਪਰਿਪੇਖ 8
ਡਾ. ਕੰਵਲਜੀਤ ਸਿੰਘ

ਮਨੁੱਖ ਦੀ ਸ਼ਖ਼ਸੀਅਤ ਉਸਾਰੀ ਵਿੱਚ,ਕਿਤਾਬ ਦੀ ਭੂਮਿਕਾ
ਬੀਰ ਦਵਿੰਦਰ ਸਿੰਘ 15

ਗੁਰਮਤਿ ਸੰਗੀਤ ਚੇਅਰ ਵੱਲੋਂ ਕਰਵਾਏ ਗਏ
ਕਾਰਜਾਂ ਦੀ ਰਿਪੋਰਟ 18

ਸੁਰ ਲਿਪੀ -ਰਾਗੁ ਮਾਲੀ ਗਉੜਾ
ਸ. ਹਰਭਜਨ ਸਿੰਘ ਚੋਪੜਾ ਟਾ-3

ਸੁਰ ਲਿਪੀ ਵਾਲਾ ਸ਼ਬਦ ਅਤੇ ਅਰਥ ਟਾ-4



Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਨਿਰੰਤਰ ਨਾਦ ਬਨਾਮ ਟਿੱਨੀਟਸ(TINNITUS) ਰੋਗ

ਅੱਜਕਲ੍ਹ ਮੈਨੂੰ ਇੱਕ ਅਜੀਬ ਤਰ੍ਹਾਂ ਦੀ ਬਿਮਾਰੀ ਮਹਿਸੂਸ ਹੋ ਰਹੀ ਹੈ। ਕੰਨਾਂ ਵਿੱਚ ਲਗਾਤਾਰ ਇੱਕ ਪਤਲਾ ਜਿਹਾ ਨਾਦ ਸੁਣਾਈ ਦਿੰਦਾ ਹੈ। ਮੈਂ ਇਸ ਨੂੰ ਧਿਆਨ ਨਾਲ ਸੁਣਾਂ ਤਾਂ ਅਤਿ ਤਾਰ ਸਪਤਕ ਵਾਲੀ ਝਨਕਾਰ ਜਿਹੀ ਸੁਣਾਈ ਦਿੰਦੀ ਹੈ। ਜਦੋਂ ਮੈਂ ਆਪਣੀ ਪਤਨੀ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਕਿਸੇ ਡਾਕਟਰ ਨੂੰ ਵਿਖਾਉਣਾ ਚਾਹੀਦਾ ਹੈ। ਮੇਰੀ ਪਤਨੀ ਨੇ ਪੀ ਜੀ ਆਈ ਵਿੱਚ ਲੱਗਭਗ ਇੱਕੀ ਸਾਲ ਨੌਕਰੀ ਕੀਤੀ ਹੈ। ਇਸ ਲਈ ਸਾਡਾ ਭਰੋਸਾ ਪੀ ਜੀ ਆਈ ਤੇ ਹੀ ਬਣਿਆ ਹੋਇਆ ਹੈ। ਪਰ ਇਸ ਕਰੋਨਾ ਕਾਲ ਵਿੱਚ ਪੀ ਜੀ ਆਈ ਦਾ ਈ ਐਨ ਟੀ ਵਿਭਾਗ ਬੰਦ ਪਿਆ ਹੋਇਆ ਹੈ। ਇਸ ਲਈ ਸਾਨੂੰ ਇੱਕ ਪ੍ਰਾਈਵੇਟ ਡਾਕਟਰ ਕੋਲੋਂ ਮਸ਼ਵਰਾ ਲੈਣ ਲਈ ਜਾਣਾ ਪਿਆ। ਉਸ ਨੇ ਚੰਗੀ ਚੋਖੀ ਫੀਸ ਲੈ ਕੇ ਇਸ ਬਿਮਾਰੀ ਦਾ ਨਾਮ ਪਰਚੀ ਉੱਤੇ ਲਿਖਿਆ ਟਿੱਨੀਟਸ (TINNITUS). ਉਸ ਨੇ ਦੱਸਿਆ ਕਿ ਇਹ ਸੁਣਾਈ ਦੇਣ ਵਾਲੀਆਂ ਧੁਨੀਆਂ ਹਰ ਵੇਲੇ ਸਾਡੇ ਸਿਰ ਵਿੱਚ ਚਲਦੀਆਂ ਰਹਿੰਦੀਆਂ ਹਨ ਪਰ ਇਹ ਸੁਣਾਈ ਤਾਂ ਦਿੰਦੀਆਂ ਹਨ ਜਦੋਂ ਸਾਡੇ ਕੰਨਾਂ ਵਿੱਚ ਕੋਈ ਤਕਲੀਫ ਹੋਵੇ ਅਤੇ ਸਾਨੂੰ ਬਾਹਰ ਵਾਲੀਆਂ ਅਵਾਜ਼ਾਂ ਘਟ ਸੁਣਨ ਲੱਗ ਪੈਣ। ਕੰਨ ਕਾਫੀ ਹੱਦ ਤਕ ਠੀਕ ਹਨ ਬਸ ਸੁਣਨ ਸ਼ਕਤੀ ਥੋਹੜੀ ਘਟ ਰਹੀ ਹੈ। ਇਸ ਦਾ ਕੋਈ ਖਾਸ ਇਲਾਜ ਨਹੀਂ ਹੈ। ਸਿਰ ਵਾਲੀਆਂ ਅਵਾਜ਼ਾਂ ਨੂੰ ਇਗਨੋਰ ਕਰੋ।

ਨਿਰੰਤਰ ਇਕਸਾਰ ਸੁਣਾਈ ਦੇਣ ਵਾਲੀ ਆਵਾਜ਼ ਨੂੰ ਸੰਗੀਤ ਦੀ ਪਰਿਭਾਸ਼ਿਕ ਸ਼ਬਦਾਵਲੀ ਵਿੱਚ ਨਾਦ ਕਿਹਾ ਜਾਂਦਾ ਹੈ। ਵਿਦਵਾਨਾਂ ਨੇ ਨਾਦ ਦੀ ਪਰਿਭਾਸ਼ਾ ਦਿੰਦਿਆਂ ਲਿਖਿਆ ਹੈ ਕਿ ਜਿਹੜਾ ਨਾਦ ਦੋ ਚੀਜ਼ਾਂ ਦੀ ਰਗੜ ਤੋਂ ਪੈਦਾ ਹੁੰਦਾ ਹੈ ਉਸ ਨੂੰ ਆਹਤ ਨਾਦ ਕਹਿੰਦੇ ਹਨ, ਜਿਵੇਂ ਹੱਥਾਂ ਦੀ ਚੋਟ ਨਾਲ ਪੈਦਾ ਹੋਣ ਵਾਲੀ ਤਬਲੇ ਦੀ ਧੁਨੀ,ਹਵਾ ਦੀ ਰਗੜ ਨਾਲ ਬੰਸਰੀ ਜਾਂ ਹਰਮੋਨੀਅਮ ਦੀ ਰੀਡ ਦੀ ਧੁਨੀ ਆਦਿ। ਜਿਹੜਾ ਨਾਦ ਬਿਨਾਂ ਕਿਸੇ ਰਗੜ ਤੋਂ ਪੈਦਾ ਹੋਵੇ ਉਸ ਨੂੰ ਅਨਾਹਤ ਨਾਦ ਕਹਿੰਦੇ ਹਨ। ਮੈਂ ਕਿਤੇ ਇਹ ਵੀ ਪੜ੍ਹਿਆ ਸੀ ਕਿ ਜੋਗੀ ਕੰਨਾਂ ਨੂੰ ਬੰਦ ਕਰਕੇ ਜਿਹੜੀ ਆਵਾਜ਼ ਸੁਣਦੇ ਹਨ ਉਸ ਨੂੰ ਵੀ ਅਨਾਹਤ ਨਾਦ ਕਿਹਾ ਜਾਂਦਾ ਹੈ। ਪਰ ਮੈਂ ਇਸ ਪਰਿਭਾਸ਼ਾ ਨਾਲ ਸਹਿਮਤ ਨਹੀਂ ਸੀ, ਕਿਉਂ ਕਿ ਸਿਰ ਵਿੱਚ ਪੈਦਾ ਹੋਣ ਵਾਲੀਆਂ ਇਹ ਅਵਾਜ਼ਾਂ ਵੀ ਸਾਡੀਆਂ ਛੋਟੀਆਂ ਛੋਟੀਆਂ ਨਾੜਾਂ ਵਿੱਚ ਵਗਦੇ ਖ਼ੂਨ ਦੇ ਪਰਵਾਹ ਕਾਰਨ ਹੀ ਪੈਦਾ ਹੁੰਦੀਆਂ ਹਨ। ਮੇਰਾ ਮੰਨਣਾ ਹੈ ਕਿ ਜਦੋਂ ਅਸੀਂ ਕਿਸੇ ਸੰਗੀਤ ਨੂੰ ਪਹਿਲਾਂ ਸੁਣ ਲੈਂਦੇ ਹਾਂ ਅਤੇ ਬਾਅਦ ਵਿੱਚ ਆਪਣੀ ਕਲਪਨਾ ਵਿੱਚ ਉਸ ਨੂੰ ਯਾਦ ਕਰਦਿਆਂ ਵਜਦਾ ਮਹਿਸੂਸ ਕਰਦੇ ਹਾਂ ਉਹ ਅਨਾਹਤ ਨਾਦ ਹੁੰਦਾ ਹੈ। ਖੈਰ ਮੇਰਾ ਆਹਤ

ਨਾਦ ਜਾਂ ਅਨਾਹਤ ਨਾਦ ਬਾਰੇ ਬਹਿਸ-ਮੁਬਹਿਸਾ ਕਰਨ ਦਾ ਕੋਈ ਇਰਾਦਾ ਨਹੀਂ। ਆਪਣੇ ਕੰਨਾਂ ਵਿੱਚ ਸੁਣਾਈ ਦੇਣ ਵਾਲੀ ਇਸ ਵਿਸ਼ੇਸ਼ ਆਵਾਜ਼ ਬਾਰੇ ਵਿਚਾਰ ਕਰਦਿਆਂ ਇਸ ਪ੍ਰਸ਼ਨ ਦਾ ਉੱਤਰ ਮਿਲਦਾ ਪ੍ਰਤੀਤ ਹੁੰਦਾ ਹੈ। ਸਾਨੂੰ ਸੰਗੀਤਕ ਧੁਨੀ ਚੰਗੀ ਕਿਉਂ ਲਗਦੀ ਹੈ? ਸਾਡੇ ਸਿਰ ਵਿੱਚ ਖ਼ੂਨ ਦੇ ਪ੍ਰਵਾਹ ਨਾਲ ਕੰਨ ਬੰਦ ਕਰਕੇ ਸੁਣਾਈ ਦੇਣ ਵਾਲੀਆਂ ਧੁਨੀਆਂ ਸੁਰੀਲੀਆਂ ਹੁੰਦੀਆਂ ਹਨ। ਭੌਤਿਕ ਵਿਗਿਆਨ ਵਾਲੇ ਦਸਦੇ ਹਨ ਕਿ ਸੰਗੀਤਕ ਧੁਨੀਆਂ ਦੀਆਂ ਤਰੰਗਾਂ ਇੱਕ ਸਾਰ ਹੁੰਦੀਆਂ ਹਨ ਪਰ ਸ਼ੋਰੀਲੀਆਂ ਧੁਨੀਆਂ ਦੀਆਂ ਤਰੰਗਾਂ ਉਗੜ ਦੁਗੜੀਆਂ ਹੁੰਦੀਆਂ। ਜਦੋਂ ਅਸੀਂ ਬਾਹਰੋਂ ਕੋਈ ਸੰਗੀਤਕ ਧੁਨੀ ਸੁਣਦੇ ਹਾਂ ਤਾਂ ਇਸ ਦੀਆਂ ਤਰੰਗਾਂ ਸਾਡੇ ਸਿਰ ਵਿੱਚ ਪੈਦਾ ਹੋਣ ਵਾਲੀਆਂ ਤਰੰਗਾਂ ਨਾਲ ਇਕ ਸੁਰ ਹੋ ਜਾਂਦੀਆਂ ਹਨ। ਇਸ ਤਰ੍ਹਾਂ ਇਹ ਸੰਗੀਤਕ ਵਾਤਾਵਰਨ ਸਾਨੂੰ ਬਹੁਤ ਚੰਗਾ ਲਗਦਾ ਹੈ। ਇਸੇ ਤਰ੍ਹਾਂ ਦਿਲ ਦੀ ਧੜਕਨ ਤੋਂ ਪੈਦਾ ਹੋਣ ਵਾਲੀਆਂ ਅਵਾਜ਼ਾਂ ਲੈਅ ਬੱਧ ਹੁੰਦੀਆਂ ਹਨ। ਜਦੋਂ ਬਾਹਰਲੀਆਂ ਧੁਨੀਆਂ ਸਾਡੀਆਂ ਸਰੀਰਕ ਅਵਾਜ਼ਾਂ ਨਾਲ ਇੱਕ ਸੁਰ ਹੁੰਦੀਆਂ ਹਨ ਤਾਂ ਉਹ ਸਾਨੂੰ ਚੰਗੀਆਂ ਲਗਦੀਆਂ ਹਨ। ਅੰਦਰੂਨੀ ਸੁਰੀਲੀਆਂ ਧੁਨੀਆਂ ਤਾਂ ਹੀ ਸੁਣੀਆਂ ਜਾਂਦੀਆਂ ਜਦੋਂ ਅਸੀਂ ਬਾਹਰਲੀਆਂ ਧੁਨੀਆਂ ਸੁਣਨੀਆਂ ਬੰਦ ਕਰ ਦਿੰਦੇ ਹਾਂ। ਅਧਿਆਤਮਕ ਤੌਰ ਤੇ ਇਸ ਵਰਤਾਰੇ ਦੇ ਮਾਅਨੇ ਬੜੇ ਡੂੰਘੇ ਹੋ ਜਾਂਦੇ ਹਨ। ਇਸ ਬਾਰੇ ਗੁਰਬਾਣੀ ਤੋਂ ਵੀ ਅਗਵਾਈ ਮਿਲਦੀ ਹੈ।

ਗੁਰੂ ਅਮਰ ਦਾਸ ਜੀ ਜਿਹਨਾਂ ਨੂੰ ਗੁਰ ਗੱਦੀ 72 ਸਾਲ ਦੀ ਉਮਰ ਵਿੱਚ ਪ੍ਰਾਪਤ ਹੋਈ, ਇਹ ਮੰਨਿਆ ਜਾਂਦਾ ਹੈ ਕਿ ਉਹਨਾਂ ਆਪਣੀ ਬਾਣੀ ਇਸਤੋਂ ਬਾਅਦ ਹੀ ਉਚਾਰੀ, ਆਪ ਜੀ ਕੰਨਾਂ ਬਾਰੇ ਅਨੰਦ ਸਾਹਿਬ ਵਿੱਚ ਉਚਾਰਦੇ ਹਨ-

ਏ ਸ੍ਰਵਣਹੁ ਮੇਰਿਓ ਸਾਚੈ ਸੁਨਣੈ ਨੋ ਪਠਾਏ।
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ।
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ।
ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ।
ਕਹੈ ਨਾਨਕ ਅੰਮ੍ਰਿਤ ਨਾਮ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ।

ਭੁੱਲ ਚੁੱਕ ਖਿਮਾ

# ਸ੍ਰੀ ਅਕਾਲ ਤਖ਼ਤ ਸਾਹਿਬ : ਇੱਕ ਸੰਕਲਪ

**ਡਾ. ਜਾਗੀਰ ਸਿੰਘ**

ਅਕਾਲ ਤਖ਼ਤ ਸਿੱਖਾਂ ਦਾ ਇੱਕ ਸਤਿਕਾਰ ਯੋਗ ਸਥਾਨ ਹੀ ਨਹੀਂ ਸਗੋਂ ਇੱਕ ਸੰਕਲਪ ਵੀ ਹੈ। ਇਹ ਅੰਮ੍ਰਿਤਸਰ ਵਿਖੇ ਸ੍ਰੀ ਹਰਮਿੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਸਾਹਮਣੇ ਸਥਿਤ ਹੈ। ਇਸ ਪਵਿੱਤਰ ਸਥਾਨ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਬਣਵਾਇਆ ਸੀ। ਅਰਥ ਪ੍ਰਸੰਗ ਵਿਚ ਅਕਾਲ ਤਖਤ ਸਾਹਿਬ ਨੂੰ ਅਕਾਲ ਪੁਰਖ, ਭਾਵ ਪ੍ਰਮਾਤਮਾ ਦਾ ਤਖ਼ਤ ਸਮਝਿਆ ਜਾਂਦਾ ਹੈ। ਇਸ ਦੀ ਬਣਤਰ ਸ਼ਾਹੀ ਤਖ਼ਤ ਵਾਂਗ ਉੱਚੇ ਸਥਾਨ ਤੇ ਹੈ। ਉਸ ਸਮੇਂ ਦੀ ਮੁਗ਼ਲ ਰਾਜ ਦਾ ਤਖ਼ਤ ਪਰਜਾ ਤੇ ਜ਼ੁਲਮ ਅਤੇ ਅਤਿਆਚਾਰ ਕਰਦਾ ਸੀ। ਉਸ ਦੇ ਵਿਰੋਧ ਵਿਚ ਗੁਰੂ ਹਰਿਗੋਬਿੰਦ ਜੀ ਨੇ ਇਸ ਤਖ਼ਤ ਦੀ ਸਥਾਪਨਾ ਕੀਤੀ ਅਤੇ ਉਸ ਨੂੰ ਮੁਗ਼ਲਾਂ ਦੇ ਤਖ਼ਤ ਤੋਂ ਵੀ ਵੱਡਾ 'ਰੱਬੀ ਤਖ਼ਤ' ਕਿਹਾ। ਬਾਅਦ ਵਿਚ ਇਸ ਤਖ਼ਤ ਦਾ ਨਾਂ ਅਕਾਲ ਤਖ਼ਤ ਪ੍ਰਸਿੱਧ ਹੋਇਆ। ਪਹਿਲਾਂ ਪਹਿਲ ਇਸ ਨੂੰ ਅਕਾਲ ਬੁੰਗਾ ਕਹਿੰਦੇ ਸਨ।

ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਅਕਾਲ ਤਖ਼ਤ ਦੀ ਨੀਂਹ ਰੱਖਣ ਦੀ ਮਿਤੀ 1609 ਈ। (ਸੰਮਤ 1665) ਦਸੀ ਹੈ। ਮੈਕਾਲਫ ਨੇ ਆਪਣੀ ਪੁਸਤਕ 'ਦੀ ਸਿੱਖ ਰਿਲੀਜਨ' ਵਿਚ ਅਕਾਲ ਬੁੰਗੇ ਦੀ ਨੀਂਹ ਰੱਖਣ ਦਾ ਦਿਨ ਸੋਮਵਾਰ, ਹਾੜ੍ਹ ਦੇ ਚਾਨਣੇ ਪੱਖ ਦੀ ਪੰਜਾਵੀਂ ਤਿਥੀ ਸੰਮਤ 1663 ਲਿਖਿਆ ਹੈ। ਸ੍ਰੀ ਅਕਾਲ ਤਖ਼ਤ ਦੀ ਰਚਨਾ ਬਾਰੇ 'ਦ ਬਿਸਤਾਨ-ਇ-ਮਜ਼ਾਹਿਬ' ਦਾ ਹਵਾਲਾ ਦਿੰਦਿਆਂ ਸ. ਅਜੀਤ ਸਿੰਘ ਬਾਘਾ ਨੇ ਲਿਖਿਆ ਹੈ ਕਿ ਬਹੁਤੇ ਲੇਖਕਾਂ ਨੇ ਅਕਾਲ ਤਖ਼ਤ ਨੂੰ ਗੁਰੂ ਹਰਿਗੋਬਿੰਦ ਸਾਹਿਬ ਦਾ ਰਚਿਆ ਮੰਨਿਆ ਹੈ ਪਰ ਇੱਕ ਲੇਖਕ ਅਨੁਸਾਰ ਗੁਰੂ ਅਰਜਨ ਦੇਵ ਸਾਹਿਬ ਆਪਣੇ ਜੀਵਨ ਵਿਚ ਇਸ ਦੀ ਨੀਂਹ ਰੱਖ ਗਏ ਸਨ। ਮੁਗ਼ਲਾਂ ਨੇ ਗੁਰੂ ਅਰਜਨ ਦੇਵ ਜੀ ਦੁਆਰਾ ਬਣਾਏ 'ਉੱਚੇ ਭਵਨਾਂ ਨੂੰ 'ਮੁਸਾਕਿਨ-ਓ-ਮਨਾਜ਼ਿਲ' ਕਿਹਾ ਹੈ ਜਿਸ ਦੇ ਅਰਥ 'ਡੇਰੇ ਤੇ ਚੁਬਾਰੇ'ਹਨ।

ਗਿਆਨੀ ਗਿਆਨ ਸਿੰਘ ਨੇ ਵੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਗੁਰੂ ਗੱਦੀ ਦੇਣ ਦਾ ਜ਼ਿਕਰ ਕਰਦਿਆਂ ਅਕਾਲ ਤਖ਼ਤ ਦਾ ਵੀ ਜ਼ਿਕਰ ਕੀਤਾ ਹੈ-

'ਸਾਕ ਸਿਖ ਲੀਨੇ ਬੁਲਾਇ।
ਪੁਨ ਤਖ਼ਤ ਅਕਾਲ ਦਿਵਾਨ ਲਾਇ।
ਗੁਰ ਕੋ ਸਿੰਘਾਸਨ ਪਰ ਬਿਠਾਇ
ਪੁਨ ਬਾਬਾ ਬੁੱਢਾ ਤਿਲਕ ਲਾਇ।'

ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਉਪਰੰਤ ਗੁਰੂ ਅਰਜਨ ਦੇਵ ਜੀ ਨੇ ਉੱਚੀ ਥਾਂ ਤੇ ਬੈਠਣਾ ਤੇ ਸੌਣਾ ਛੱਡ ਦਿੱਤਾ ਸੀ। ਹਰਿਮੰਦਰ ਸਾਹਿਬ ਦੇ ਸਾਹਮਣੇ ਵਾਲੇ ਸਥਾਨ ਤੇ ਬੈਠ ਕੇ ਗੁਰੂ ਸਾਹਿਬ ਸੰਗਤਾਂ ਨੂੰ ਦਰਸ਼ਨ ਦਿੰਦੇ, ਉਨ੍ਹਾਂ ਦੀਆਂ ਭੇਟਾਵਾਂ ਪ੍ਰਵਾਨ ਕਰਦੇ, ਉਨ੍ਹਾਂ ਦੇ ਦੁੱਖ-ਦਰਦ ਸੁਣਦੇ ਅਤੇ ਉਨ੍ਹਾਂ ਦੇ ਝਗੜੇ ਨਿਬੇੜ ਦੇ ਸਨ। ਇਸੇ ਲਈ ਸ਼ਰਾਧਾਲੂਆਂ ਨੇ ਇਸ ਅਸਥਾਨ ਨੂੰ 'ਤਖ਼ਤ' ਜਾਂ 'ਅਕਾਲ ਤਖ਼ਤ' ਕਹਿਣਾ ਸ਼ੁਰੂ ਕਰ ਦਿੱਤਾ।

ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਅਕਾਲ ਤਖ਼ਤ ਦੀ ਉਸਾਰੀ ਵੇਲੇ ਕਿਸੇ ਮਿਸਤਰੀ, ਮਜ਼ਦੂਰ ਜਾਂ ਤਰਖ਼ਾਣ ਕੋਲੋਂ ਕੰਮ ਨਹੀਂ ਕਰਵਾਇਆ ਸਗੋਂ ਗੁਰੂ ਹਰਿਗੋਬਿੰਦ ਜੀ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਆਪ ਸੇਵਾ ਕੀਤੀ, 'ਬੁੱਢੇ ਅਰ ਗੁਰਦਾਸ ਬਨਾਯ' ਕਿਉਂਕਿ ਅਕਾਲ ਤਖ਼ਤ ਸਾਰੀ ਮਨੁੱਖਤਾ ਨੂੰ ਅਜ਼ਾਦੀ ਤੇ ਪ੍ਰੇਮ ਦੇ ਸੁਨੇਹਾ ਦੇਣ ਵਾਲਾ ਤਖ਼ਤ ਬਣਨਾ ਸੀ।

ਅਕਾਲ ਤਖ਼ਤ ਦੀ ਬਣਤਰ ਅਤੇ ਨਮੂਨੇ ਦੇ ਵੀ ਵਿਦਵਾਨਾਂ ਨੇ ਕਈ ਅਰਥ ਕੱਢੇ ਹਨ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਅਕਾਲ ਤਖ਼ਤ ਦਾ ਖੜਵਾਂ ਗੁੰਬਦ ਸੂਰਬੀਰਤਾ ਦਾ ਪ੍ਰਤੀਕ ਹੈ ਤੇ ਹਰਿਮੰਦਰ ਸਾਹਿਬ ਦਾ ਬੈਠਵਾਂ ਨਿਮਰਤਾ ਦਾ ਪ੍ਰਤੀਕ ਹੈ। ਅਕਾਲ ਤਖ਼ਤ ਦੀ ਮੂਲ ਇਮਾਰਤ 1984 ਈ. ਵਿਚ ਬਲਿਊ ਸਟਾਰ ਆੱਪ੍ਰੇਸ਼ਨ ਸਮੇਂ ਢਹਿ ਢੇਰੀ ਹੋ ਗਈ ਸੀ। ਇਸ ਨੂੰ ਭਾਰਤ ਸਰਕਾਰ ਵੱਲੋਂ ਮੁਰੰਮਤ ਕਰਕੇ ਬਣਾਇਆ ਗਿਆ ਸੀ ਪਰ ਸਿੱਖ ਸੰਗਤਾਂ ਨੂੰ ਸਰਕਾਰੀ ਮਦਦ ਨਾਲ ਬਣੀ ਇਹ ਇਮਾਰਤ ਪ੍ਰਵਾਨ ਨਹੀਂ ਸੀ, ਇਸ ਲਈ ਇਸ ਨੂੰ ਢਾਹ ਕੇ ਨਵੇਂ ਸਿਰਿਓਂ ਬਣਾਇਆ ਗਿਆ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਦੀ ਰਚਨਾਕਰ ਕੇ ਸਿੱਖਾਂ ਦੇ ਜੀਵਨ-ਕਾਰਜ ਵਿਚ ਤਬਦੀਲੀ ਲਿਆਂਦੀ। ਗੁਰੂ ਸਾਹਿਬ ਇਥੇ ਦੀਵਾਨ ਲਾਉਂਦੇ, ਬੀਰਤਾ ਦੀ ਵਿਆਖਿਆ ਕਰਦੇ ਅਤੇ ਸੰਗਤਾਂ ਨੂੰ ਦਰਸ਼ਨ ਦਿੰਦੇ ਸਨ। ਇਸ ਦੇ ਸਾਹਮਣੇ ਦੀ ਖੁੱਲ੍ਹੀ ਥਾਂ ਵਿਚ ਕੁਸ਼ਤੀਆਂ ਅਤੇ ਹੋਰ ਕਈ ਤਰ੍ਹਾਂ ਦੀਆਂ ਕਸਰਤਾਂ ਵੀ ਹੁੰਦੀਆਂ ਸਨ। ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਬਣਾਉਣ ਤੋਂ ਗੁਰੂ ਸਾਹਿਬ ਦਾ ਮੰਤਵ ਇਹ ਸੀ ਕਿ ਅਧਿਆਤਮਕ ਅਤੇ ਸੰਸਾਰਕ ਮਾਮਲਿਆਂ ਵਿਚ ਸੁਮੇਲ ਰਖਿਆ ਜਾ ਸਕੇ।

ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਬੜਾ ਖੁੱਲ੍ਹਾ ਵਿਹੜਾ ਹੈ ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਬੈਠ ਸਕਦੇ ਹਨ। ਹਰਿਮੰਦਰ ਸਾਹਿਬ ਵਿਚ ਗੁਰਬਾਣੀ ਦਾ ਕੀਰਤਨ ਹੁੰਦਾ ਸੀ ਅਤੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਲੌਢੇ ਪਹਿਰ ਢਾਡੀ ਯੋਧਿਆਂ ਦੀਆਂ ਵਾਰਾਂ ਗਾਉਂਦੇ ਅਤੇ ਸ਼ਰਧਾਲੂ ਆਨੰਦ ਮਾਣਦੇ ਸਨ। ਇਹ ਨਵਾਂ ਉੱਦਮ ਸਿੱਖਾਂ ਵਿਚ ਬੀਰ ਰਸ ਪੈਦਾ ਕਰਨ ਲਈ ਕੀਤਾ ਗਿਆ। ਸਿੱਖ ਇਤਿਹਾਸ ਵਿਚ ਲਿਖਿਆ ਹੈ ਕਿ ਇਥੋਂ ਦਾ ਪਹਿਲਾ ਢਾਡੀ ਅਬਦੁੱਲਾ ਸੀ।

ਇਸ ਤਰ੍ਹਾਂ ਅਕਾਲ ਤਖ਼ਤ ਸਿੱਖ ਪੰਥ ਦੀ ਜਥੇਬੰਦੀ ਦਾ ਕੇਂਦਰ ਬਣ ਗਿਆ। ਇਸੇ ਥਾਂ ਤੇ ਪੰਥਕ ਗੁਰਮਤੇ ਸੋਧੇ ਜਾਂਦੇ ਰਹੇ। ਆਮ ਤੌਰ ਤੇ ਇੱਕ ਸਾਲ ਵਿਚ ਦੋ ਵਾਰੀ, ਵਿਸਾਖੀ ਅਤੇ ਦੀਵਾਲੀ ਨੂੰ ਦੂਰੋਂ ਦੂਰੋਂ ਸਿੱਖ ਸੰਗਤਾਂ ਇਕੱਤਰ ਹੁੰਦੀਆਂ ਸਨ। ਅਠਾਰ੍ਹਵੀਂ ਸਦੀ ਵਿਚ ਸਿੱਖ ਮਿਸਲਾਂ ਦੇ ਆਗੂ ਅਕਾਲ ਤਖ਼ਤ ਤੇ ਹਾਜ਼ਰ ਹੋ ਕੇ ਲੜਾਈ ਅਤੇ ਸੁਲ੍ਹਾ ਦੇ ਮਤੇ ਸੋਧਦੇ ਸਨ। ਇਥੇ ਹੀ ਹਰ ਤਰ੍ਹਾਂ ਦੇ ਆਪਸੀ ਅਤੇ ਪੰਥਕ ਝਗੜਿਆਂ ਦਾ ਨਿਬੇੜਾ ਕੀਤਾ ਜਾਂਦਾ ਰਿਹਾ ਹੈ। ਅਕਾਲ ਤਖ਼ਤ ਸਿੱਖਾਂ ਵਿਚ ਇੱਕ ਸਰਵ ਉੱਚ ਸਥਾਨ ਹੈ ਜਿਥੇ ਸਥਾਨਕ ਫੈਸਲਿਆਂ ਲਈ ਅਪੀਲ ਕੀਤੀ ਜਾ ਸਕਦੀ ਹੈ। ਸਿੱਖ ਅਕਾਲ ਤਖ਼ਤ ਦੇ ਫ਼ੈਸਲਿਆਂ ਅਤੇ ਆਦੇਸ਼ਾਂ ਨੂੰ ਰੱਬੀ ਹੁਕਮ ਸਮਝ ਕੇ ਮੰਨਦੇ ਹਨ। ਇਸ ਤਰ੍ਹਾਂ ਇਹ ਭਗਤੀ ਨਾਲ ਸ਼ਕਤੀ ਦਾ ਸਹਿਵਾਸ ਹੈ। ਹਰਿਮੰਦਰ ਪੀਰੀ ਹੈ ਤੇ ਅਕਾਲ ਤਖ਼ਤ ਮੀਰੀ ਹੈ। ਇਸ ਤਰ੍ਹਾਂ ਸਿੱਖ ਧਰਮ ਵਿਚ ਅਕਾਲ ਤਖ਼ਤ ਦੀ ਰਚਨਾ ਨਾਲ ਮੀਰੀ ਅਤੇ ਪੀਰੀ ਦਾ ਸੰਕਲਪ ਸਾਹਮਣੇ ਆਇਆ।

ਪ੍ਰੋਫ਼ੈਸਰ ਪ੍ਰੀਤਮ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਸਾਹਿਬ ਦੀ ਸ਼ਹੀਦੀ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਨੇ ਇਹ ਸਪਸ਼ਟ ਕਰਨ ਲਈ ਕਿ ਦੇਸ਼ ਦੀ ਰਾਜਨੀਤੀ ਦੇ ਮਾਮਲੇ ਵਿਚ ਸਿੱਖ ਲੋਕ ਗੂੰਗੇ ਦਰਸ਼ਕ ਬਣ ਕੇ ਨਹੀਂ ਰਹਿ ਸਕਦੇ, ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਲਈਆਂ ਅਤੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਉਸਰਵਾ ਕੇ ਸਿੱਖਾਂ ਲਈ ਸਵਰਾਜ ਦਾ ਚਿੰਨ੍ਹ ਖੜ੍ਹਾ ਕਰ ਦਿੱਤਾ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਭਗਤੀ ਸਿਰਫ਼ ਕਮਜ਼ੋਰਾਂ, ਨਿਆਸਰਿਆਂ ਅਤੇ ਨਿਓਟਿਆਂ ਦਾ ਕੰਮ ਨਹੀਂ।

ਹਰਮਿੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਨੂੰ ਇੱਕ ਰੂਪ ਸਮਝ ਦਿਆਂ ਪ੍ਰਿੰਸੀਪਲ ਜੋਗਿੰਦਰ ਸਿੰਘ ਲਿਖਦਾ ਹੈ ਕਿ ਸਿੱਖੀ ਵਿਚ ਹਕੀਕੀ ਅਤੇ ਦੁਨਿਆਵੀਂ ਮਸਲਿਆਂ ਵਾਸਤੇ ਵਖਰੇ ਵਖਰੇ ਅਸੂਲ ਲਾਗੂ ਨਹੀਂ। ਪੀਰੀ ਅਤੇ ਮੀਰੀ ਦਾ ਸਮਰਥਨ ਕਰਦਿਆਂ ਉਸ ਨੇ ਲਿਖਿਆ ਕਿ ਇਥੇ ਉਚ-ਨੀਚ ਦਾ ਭੇਦ ਭਾਵ ਨਹੀਂ ਰਖਿਆ ਜਾਂਦਾ। ਇਸੇ ਲਈ ਇਕੋ ਮੰਦਰ ਦੀਆਂ ਪ੍ਰਕਰਮਾਂ ਅੰਦਰ ਹੀ ਰੂਹਾਨੀ ਤੇ ਦੁਨਿਆਵੀਂ ਸ਼ਕਤੀ ਦਾ ਪ੍ਰਤੀਕ ਹਰਮਿੰਦਰ ਤੇ ਅਕਾਲ ਤਖ਼ਤ ਬਣਾਏ ਗਏ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਮਰਤਾ ਦਾ ਤਖ਼ਤ ਇਸੇ ਲਈ ਕਿਹਾ ਗਿਆ ਹੈ ਕਿਉਂਕਿ ਇਸ ਦੀ ਮਹਾਨਤਾ ਅਕਹਿ ਹੈ। ਅਕਾਲ ਤਖ਼ਤ ਆਤਮਕ ਬੰਧਨਾ ਅਤੇ ਦੁਨਿਆਵੀਂ ਬੰਧਨਾ ਤੋਂ ਮੁਕਤੀ ਦਿਵਾਉਣ ਦਾ ਕੇਂਦਰ ਬਣ ਗਿਆ। ਇਹ ਸਾਰਾ ਸੰਗਰਾਮ ਸਮੂਹ ਮਨੁੱਖਤਾ ਦੀ ਭਲਾਈ ਲਈ ਸੀ, ਕਿਸੇ ਇੱਕ ਸ੍ਰੇਣੀ ਜਾਂ ਜਾਤੀ ਦੇ ਲਾਭ ਲਈ ਨਹੀਂ ਸੀ।

ਮੀਰੀ ਅਤੇ ਪੀਰੀ ਦੀ ਸਿੱਖ ਧਰਮ ਵਿਚ ਇੱਕ ਸਾਰਤਾ ਦੀ ਗਵਾਹੀ ਇਥੋਂ ਮਿਲਦੀ ਹੈ: 'ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ। '

ਗੁਰੂ ਹਰਿਗੋਬਿੰਦ ਜੀ ਸਿੱਖਾਂ ਦੇ ਪਹਿਲੇ ਰੱਬੀ ਬਾਦਸ਼ਾਹ ਸਨ ਜਿਨ੍ਹਾਂ ਦਾ ਰਾਜ ਸਿੰਘਾਸਨ ਅਕਾਲ ਤਖ਼ਤ ਤੇ ਸੀ। ਸੰਨ 1757,1762 ਅਤੇ ਫਿਰ 1764 ਵਿਚ ਤਿੰਨ ਵਾਰ ਮੁਗਲਾਂ ਨੇ 'ਸੱਚਾ ਦਰਬਾਰ' ਢਾਹ ਦਿੱਤਾ ਪਰ ਤਿੰਨ ਵਾਰ ਹੀ ਮੁੜ ਕੇ ਉਸਾਰਿਆ ਗਿਆ। ਹੁਣ ਵੀ ਜਦੋਂ ਸਿੱਖਾਂ ਨੂੰ ਕੋਈ ਅਨਿਆਂ ਹੁੰਦਾ ਜਾਪਦਾ ਹੈ ਉਹ ਜ਼ਬਰ ਦਾ ਟਾਕਰਾ ਕਰਨ ਲਈ ਅਕਾਲ ਤਖ਼ਤ ਤੋਂ ਸ਼ਕਤੀ ਪ੍ਰਾਪਤ ਕਰਦੇ ਹਨ।

ਅਕਾਲ ਤਖ਼ਤ ਉਸ ਇਤਿਹਾਸਕ ਵਿਦਰੋਹ ਦੀ ਪੈਦਾਵਾਰ ਸੀ ਜੋ ਗੁਰੂ ਅਰਜਨ ਦੇਵ ਜੀ ਦੇ ਬਲੀਦਾਨ ਵਿਚੋਂ ਪ੍ਰਗਟ ਹੋਇਆ। ਹਰਿਮੰਦਰ ਸਾਹਿਬ ਕੌਮ ਦੀ ਇਬਾਦਤਗਾਹ ਹੈ, ਅਕਾਲ ਤਖ਼ਤ ਉਸ ਇਬਾਦਤਗਾਹ ਦੀ ਚੌਕੀ ਹੈ। ਅਕਾਲ ਤਖ਼ਤ ਅਸਲ ਵਿਚ ਭਗਤੀ ਤੇ ਸ਼ਕਤੀ ਦੇ ਸੰਤੁਲਨ, ਤਿਆਗ ਅਤੇ ਤੇਗ਼ ਦੇ ਫਲਸਫੇ ਦਾ ਨਾਂ ਹੈ।

ਹਰਿਮੰਦਰ ਮੰਤਰ-ਰੂਪ ਹੈ, ਅਕਾਲ ਤਖ਼ਤ ਤੰਤਰ-ਰੂਪ ਹੈ। ਹਰਿਮੰਦਰ ਤਪ-ਤੇਜ ਦੀ ਰੂਪ ਮਾਨਤਾ ਹੈ, ਅਕਾਲ ਤਖ਼ਤ ਕਵਚ ਦੀ ਰੂਪ ਮਾਨਤਾ ਹੈ। ਹਰਿਮੰਦਰ ਅਤੇ ਅਕਾਲ ਤਖ਼ਤ ਦੇ ਦਰਮਿਆਨ ਅਗਮ ਤੇ ਨਿਗਮ ਦਾ ਮਿਸ਼ਰਨ ਹੁੰਦਾ ਹੈ, ਸ਼ਿਵ ਤੇ ਸ਼ਕਤੀ ਦਾ ਅਲਿੰਗਨ ਹੁੰਦਾ ਹੈ। ਹਰਿਮੰਦਰ ਵਿਚ ਨਿਰੰਤਰ ਅਮਿਉ ਰਸ ਚੋਂਦਾ ਹੈ, ਅਕਾਲ ਤਖ਼ਤ ਵਿਚ ਧੌਂਸੇ ਵਜਦੇ ਹਨ, ਤੇਗ਼ਾਂ ਲਿਸ਼ਕਦੀਆਂ ਹਨ। ਹਰਿਮੰਦਰ ਵਿਚ ਸ਼ਾਸਤਰ ਦਾ ਪ੍ਰਕਾਸ਼ ਹੈ, ਅਕਾਲ ਤਖ਼ਤ ਵਿਚ ਸ਼ਸਤਰਾਂ ਦੀ ਪ੍ਰਦਰਸ਼ਨੀ ਹੈ।

ਹਰਿਮੰਦਰ ਸਾਹਿਬ ਸਿੱਖ ਕੌਮ ਦੇ ਧਾਰਮਿਕ ਗੌਰਵ ਦਾ ਪ੍ਰਤੀਕ ਹੈ, ਅਕਾਲ ਤਖ਼ਤ ਉਨ੍ਹਾਂ ਦੀ ਰਾਜ ਸੱਤਾ ਦਾ ਚਿੰਨ੍ਹ ਹੈ। ਹਰਿਮੰਦਰ ਸਾਹਿਬ ਸਿੱਖ ਆਚਰਨ ਦੀ ਨਿਰਮਾਣ ਸ਼ਾਲਾ ਹੈ; ਅਕਾਲ ਤਖ਼ਤ ਉਸ ਆਚਰਨ ਤੋਂ ਉਪਜੇ ਦ੍ਰਿੜ੍ਹ ਸੰਕਲਪ ਦੀਆ ਕ੍ਰਿਤੀ ਹੈ। ਹਰਿਮੰਦਰ ਸਹਿਜ-ਸੁੰਨ ਦਾ ਘਾਟ ਹੈ, ਅਕਾਲ ਤਖ਼ਤ ਉਸ ਘਾਟ ਦਾ ਪਾਸਬਾਨ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਅਕਾਲ ਤਖ਼ਤ ਤੇ ਹੇਠ ਲਿਖੇ ਗੁਰੂ ਸਾਹਿਬਾਨ ਤੇ ਸੂਰਬੀਰ ਮਹਾਪੁਰਖਾਂ ਦੇ ਸ਼ਸਤਰ ਰੱਖੇ ਗਏ ਹਨ :-

1. ਸ੍ਰੀ ਗੁਰੂ ਹਰਿਗੋਬਿੰਦ ਜੀ
2. ਸ੍ਰੀ ਗੁਰੂ ਗੋਬਿੰਦ ਸਿੰਘ ਜੀ
3. ਬਾਬਾ ਅਜੀਤ ਸਿੰਘ ਜੀ
4. ਬਾਬਾ ਜੁਝਾਰ ਸਿੰਘ ਜੀ
5. ਬਾਬਾ ਬੁੱਢਾ ਜੀ
6. ਭਾਈ ਜੇਠਾਜੀ
7. ਬਾਬਾ ਕਰਮ ਸਿੰਘ ਸ਼ਹੀਦ
8. ਭਾਈ ਉਦੈ ਸਿੰਘ ਜੀ
9. ਭਾਈ ਬਿਧੀਚੰਦ ਜੀ
10. ਬਾਬਾ ਗੁਰਬਖ਼ਸ਼ ਸਿੰਘ ਜੀ
11. ਬਾਬਾ ਦੀਪ ਸਿੰਘ ਜੀ
12. ਬਾਬਾ ਨੌਧ ਸਿੰਘ ਜੀ
13. ਭਾਈ ਬਚਿੱਤਰ ਸਿੰਘ ਜੀ

ਸ੍ਰੀ ਅਕਾਲ ਤਖ਼ਤ ਮੁੱਖ ਰੂਪ ਵਿਚ ਤਿੰਨ ਗੱਲਾਂ ਲਈ ਪ੍ਰਸਿੱਧ ਹੈ।

1. ਇਥੇ ਸਿੱਖ ਕੌਮ ਸਬੰਧੀ ਫ਼ੈਸਲੇ ਕੀਤੇ ਜਾਂਦੇ ਹਨ।
2. ਅੰਮ੍ਰਿਤ ਛਕਾਉਣ ਲਈ ਇਹ ਵੱਡਾ ਕੇਂਦਰ ਹੈ।
3. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਹਰਿਮੰਦਰ ਸਾਹਿਬ ਵਿਚ ਸੰਤੋਖਣ ਉਪਰੰਤ ਰਾਤ ਸਮੇਂ ਇਥੇ ਵਿਸ਼ਰਾਮ ਲਈ ਰਖਿਆ ਜਾਂਦਾ ਹੈ।

ਅਕਾਲ ਤਖ਼ਤ ਦੇ ਜਥੇਦਾਰ ਨੂੰ ਸਰਵਉੱਚ ਮੰਨਿਆ ਜਾਂਦਾ ਹੈ ਅਤੇ ਇਸ ਦੀ ਚੋਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਬਤ ਖ਼ਾਲਸਾ ਸਮਾਗਮ ਸਾਹਿਬ ਸਿੱਖ ਕੌਮ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

# ਪੜਤਾਲ ਸ਼ਬਦ ਗਾਇਨ : ਵਿਭਿੰਨ ਪਰਿਪੇਖ

**ਡਾ. ਕੰਵਲਜੀਤ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੁਆਰਾ ਵੱਖ ਵੱਖ ਕਾਵਿ-ਗਾਇਨ ਰੂਪਾਂ ਵਿਚ ਬਾਣੀ ਦੀ ਰਚਨਾ ਕੀਤੀ ਗਈ ਹੈ। ਜਿੰਨਾ ਵਿਚ ਪਦੇ, ਅਸ਼ਟਪਦੀਆਂ, ਪੜਤਾਲ ਗਾਇਨ ਨੂੰ ਸ਼ਾਸਤਰੀ ਅੰਗ (ਧਰੁਪਦ, ਖ਼ਿਆਲ) ਤੋਂ ਗਾਇਨ ਕਰਨ ਦੀ ਮਰਿਆਦਾ ਗੁਰੂ ਕਾਲ ਤੋਂ ਚਲੀ ਆ ਰਹੀ ਹੈ। ਪੜਤਾਲ ਗਾਇਨ ਦੀ ਉਦਾਹਰਨ ਵਿਸ਼ਵ ਦੀ ਕਿਸੇ ਹੋਰ ਸੰਗੀਤ ਪਰੰਪਰਾ ਵਿਚ ਨਹੀਂ ਮਿਲਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਾਵਿ-ਗਾਇਨ ਸ਼ੈਲੀਆਂ ਵਿਚ ਪੜਤਾਲ ਗਾਇਨ ਸ਼ੈਲੀ ਗੁਰਮਤਿ ਸੰਗੀਤ ਦੀ ਮੌਲਿਕਤਾ ਦਾ ਇਕ ਪਹਿਚਾਣ ਚਿੰਨ੍ਹ ਹੈ।ਇਸ ਗਾਇਨ ਸ਼ੈਲੀ ਵਿਚ ਨਿਰਧਾਰਿਤ ਰਾਗ ਦੇ ਅੰਤਰਗਤ ਸ਼ਬਦ ਕੀਰਤਨ ਪ੍ਰਸਤੁਤ ਕਰਦਿਆਂ, ਪੜਤਾਲ ਸ਼ਬਦ ਵਿਚ ਪ੍ਰਯੁਕਤ ਕਾਵਿ ਛੰਦਾਂ ਅਨੁਸਾਰੀ ਵਿਭਿੰਨ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪੜਤਾਲ ਗਾਇਨ ਲਈ ਖ਼ਿਆਲ ਜਾਂ ਧਰੁਪਦ ਅੰਗ ਤੋਂ ਗਾਇਨ ਪ੍ਰਸਤੁਤ ਕੀਤਾ ਜਾਂਦਾ ਹੈ। ਕਦੇ ਕਦੇ ਇਕ ਹੀ ਪੜਤਾਲ ਗਾਇਨ ਰਚਨਾ ਵਿਚ ਗਾਇਨ ਦੇ ਦੋਵੇਂ ਅੰਗਾਂ (ਖ਼ਿਆਲ ਅਤੇ ਧਰੁਪਦ) ਦਾ ਪ੍ਰਯੋਗ ਕੀਤਾ ਜਾਂਦਾ ਹੈ। ਪੜਤਾਲ ਸ਼ਬਦ ਬਾਣੀ ਰੂਪ ਗੁਰੂ ਰਾਮਦਾਸ ਜੀ ਦੁਆਰਾ ਸਿੱਖ ਸੰਗਤਾਂ ਦੀ ਝੋਲੀ ਪਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚ ਪੜਤਾਲ ਸ਼ੈਲੀ ਦਾ ਪ੍ਰਯੋਗ ਕੇਵਲ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਹੀ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅੰਤਰਗਤ ਸ੍ਰੀ ਗੁਰੂ ਰਾਮਦਾਸ ਜੀ ਦੇ 19 ਪੜਤਾਲ ਸ਼ਬਦ (ਬਿਲਾਵਲ, ਨਟ ਨਾਰਾਇਣ, ਸਾਰੰਗ, ਮਲਾਰ, ਕਾਨੜਾ, ਪ੍ਰਭਾਤੀ ਬਿਭਾਸ ਰਾਗਾਂ ਦੇ ਅਧੀਨ) ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚੇ 36 ਪੜਤਾਲ ਸ਼ਬਦ (ਆਸਾ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਨਟ ਨਾਰਾਇਣ, ਭੈਰਉ, ਸਾਰੰਗ, ਮਲਾਰ, ਪ੍ਰਭਾਤੀ ਬਿਭਾਸ ਰਾਗਾਂ ਦੇ ਅੰਤਰਗਤ) ਦਰਜ ਹਨ। ਪੜਤਾਲ ਸ਼ਬਦ ਬਾਣੀ ਦੀ ਕਾਵਿਕ ਰਚਨਾ ਦੇ ਅੰਤਰਗਤ, ਕਿਸੇ ਇਕ ਕਾਵਿ ਛੰਦ ਨੂੰ ਸਮੁੱਚੇ ਸ਼ਬਦ ਦਾ ਆਧਾਰ ਨਹੀਂ ਰੱਖਿਆ, ਸਗੋਂ ਇਕ ਸ਼ਬਦ ਵਿਚ ਭਿੰਨ ਭਿੰਨ ਕਾਵਿ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਪੜਤਾਲ ਬਾਣੀ ਵਿਚ ਸਨਾਤਨੀ, ਦੇਸੀ ਅਤੇ ਮੌਸਮੀ ਵੰਨਗੀ ਦੇ ਰਾਗ ਪ੍ਰਯੋਗ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਬਿਲਾਵਲ, ਰਾਮਕਲੀ, ਭੈਰਉ ਅਤੇ ਪ੍ਰਭਾਤੀ ਬਿਭਾਸ ਸਨਾਤਨੀ ਰਾਗਾਂ ਦੇ ਅੰਤਰਗਤ, ਆਸਾ ਅਤੇ ਸੂਹੀ ਦੇਸੀ ਰਾਗਾਂ ਦੇ ਅਧੀਨ ਅਤੇ ਮਲਾਰ ਮੌਸਮੀ ਰਾਗਾਂ ਦੇ ਵਰਗ ਵਿਚ ਰੱਖੇ ਜਾ ਸਕਦੇ ਹਨ।

ਪੜਤਾਲ ਬਾਣੀ ਦੇ ਅੰਤਰਗਤ ਰਹਾਓ ਦੀ ਤੁਕ ਨੂੰ ਸਥਾਈ ਦੇ ਰੂਪ ਵਿਚ ਗਾਇਨ ਕਰਦਿਆਂ ਕਾਵਿ ਛੰਦ ਅਨੁਸਾਰੀ ਤਾਲ ਨਿਰਧਾਰਿਤ ਕਰਕੇ ਗਾਇਨ ਕੀਤਾ ਜਾਂਦਾ ਹੈ। ਬਾਕੀ ਤੁਕਾਂ ਨੂੰ ਅੰਕਾਂ ਅਨੁਸਾਰ ਅੰਤਰਿਆਂ ਵਿਚ ਵੰਡਦਿਆਂ ਹਰ ਅੰਤਰੇ ਲਈ ਕਾਵਿ ਛੰਦ ਨਾਲ ਸਮਾਨਤਾ ਰੱਖਣ ਵਾਲੀ ਤਾਲ ਵਿਚ ਨਿਬੱਧ ਕਰਕੇ ਗਾਇਆ ਜਾਂਦਾ ਹੈ।ਕਈ ਵੇਰ ਇੱਕੋ ਹੀ ਅੰਤਰੇ ਵਿਚ ਇਕ ਤੋਂ ਵੱਧ ਤਾਲ ਵੀ ਪ੍ਰਯੋਗ ਕਰ ਲਏ ਜਾਂਦੇ ਹਨ। ਹਰ ਅੰਤਰੇ ਦੀ ਸਮਾਪਤੀ ’ਤੇ ਸਥਾਈ ਵਿਚ ਪ੍ਰਵੇਸ਼ ਕਰਨ ਲੱਗਿਆਂ ਸ਼ਬਦ ਦੀ ਬੋਲ ਤਿਹਾਈ ਦਾ ਪ੍ਰਚਲਣ ਵੀ ਸੁਣਨ ਨੂੰ ਮਿਲਦਾ ਹੈ। ਪੜਤਾਲ ਬਾਣੀ ਦੇ ਅੰਤਰਗਤ ਕਈ ਥਾਈਂ ਅੰਤਰਿਆਂ ਪਿੱਛੋਂ ਤਿਹਾਈ ਹਿਤ ਵਿਸ਼ੇਸ਼ ਤੁਕ ਤੁਕਾਂਤ ਬਾਣੀ ਵਿਚ ਪਹਿਲਾਂ ਹੀ ਅੰਕਿਤ ਕੀਤਾ ਹੋਇਆ ਹੈ।

ਪੜਤਾਲ ਗਾਇਨ ਗੁਰਮਤਿ ਸੰਗੀਤ ਦੀ ਮੌਲਿਕ ਗਾਇਨ ਸ਼ੈਲੀ ਹੈ ਜਿਸ ਦਾ ਪ੍ਰਚਾਰ ਵਿਸ਼ਵ ਭਰ ਦੀ ਕਿਸੇ ਵੀ ਸੰਗੀਤ ਪਰੰਪਰਾ ਵਿਚ ਨਹੀਂ ਮਿਲਦਾ। ਪੜਤਾਲ, ਪਟਤਾਲ, ਪੰਚਤਾਲ, ਪਰਤਤਾਲ, ਆਦਿ

ਸੰਕੇਤਾਂ ਦਾ ਸਬੰਧ ਪੜਤਾਲ ਗਾਇਨ ਨਾਲ ਜੋੜ ਕੇ ਕੀਤਾ ਜਾਂਦਾ ਹੈ। ਭਾਰਤੀ ਸੰਗੀਤ ਪਰੰਪਰਾ ਦੇ ਅੰਤਰਗਤ ਰਾਗ ਤਾਲ ਸਾਗਰ, ਪੰਚ ਤਾਲੇਸ਼ਵਰ, ਫਿਰਤ ਤਾਲ ਅਤੇ ਨਵਰੰਗ ਆਦਿ ਗਾਇਨ ਸ਼ੈਲੀਆਂ ਦਾ ਉੱਲੇਖ ਪ੍ਰਾਪਤ ਹੁੰਦਾ ਹੈ ਪਰ ਇਹ ਸਾਰੀਆਂ ਵਿਧਾਵਾਂ ਗੁਰਮਤਿ ਸੰਗੀਤ ਦੀ ਪੜਤਾਲ ਗਾਇਨ ਸ਼ੈਲੀ ਤੋਂ ਭਿੰਨ ਹਨ। ਗੁਰਮਤਿ ਅਤੇ ਸੰਗੀਤ ਵਿਦਵਾਨਾਂ ਨੇ ਪੜਤਾਲ ਗਾਇਨ ਸਬੰਧੀ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਵਿਆਖਿਆ ਦਿੱਤੀ ਹੈ। ਭਾਸ਼ਾਈ ਦ੍ਰਿਸ਼ਟੀ ਤੋਂ ਪੜਤਾਲ ਦਾ ਅਰਥ ਹੈ: ਪੜਤਾਲਨਾ, ਭਲੀ ਭਾਂਤ ਜਾਂਚ ਕਰਨਾ ਜਾਂ ਗ਼ੌਰ ਨਾਲ ਕਿਸੇ ਚੀਜ਼ ਦੀ ਜਾਂਚ ਕਰਨਾ। ਭਾਈ ਕਾਨ੍ਹ ਸਿੰਘ 'ਨਾਭਾ' ਅਨੁਸਾਰ, 'ਸੰਗਯਾ ਜਾਂਚ। ਛਾਣ ਬੀਨ। ਦੇਖਭਾਲ। 2। ਪਟਤਾਲ। ਚਾਰਤਾਲ ਦਾ ਭੇਦ। ਇਸ ਤਾਲ ਵਿੱਚ ਗਾਏ ਜਾਣ ਵਾਲੇ ਪਦਾਂ ਦੀ ਪੜਤਾਲ ਸੰਗਯਾ ਹੋ ਗਈ। ਭਾਵੇਂ ਉਹ ਕਿਸੇ ਧਾਰਣਾ ਦੇ ਹੋਣ। ਦੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਸਾ ਕਾਨੜੇ ਆਦਿਕ ਰਾਗਾਂ ਦੇ ਪੜਤਾਲ। ਸਰਬ ਲੋਹ ਵਿਚ ਅਨੇਕ ਛੰਦਾਂ ਦੇ ਆਦਿ "ਪੜਤਾਲ" ਲਿਖਿਆ ਹੈ। ਪੜਤਾਲ ਗਾਉਣ ਦੀਆਂ ਪੁਰਾਣੀਆਂ ਰੀਤਾਂ ਹੁਣ ਲੋਪ ਹੋ ਰਹੀਆਂ ਹਨ। ਸ੍ਰੀ ਗੁਰੂ ਅਰਜਨਦੇਵ ਦਾ ਸਿਖਾਇਆ ਸੰਗੀਤ ਸਿੱਖਾਂ ਨੇ ਅਣਗਹਿਲੀ ਕਰਕੇ ਭੁਲਾ ਦਿੱਤਾ ਹੈ। ਭਾਈ ਗੁਰਮੁਖ ਸਿੰਘ, ਭਾਈ ਅਤਰਾ ਅਤੇ, ਭਾਈ ਦਿੱਤੂ ਆਦਿਕ ਦੇ ਗਾਏ ਪੜਤਾਲ ਜੋ ਸਾਡੇ ਸੁਣਨ ਵਿਚ ਆਏ ਹਨ, ਹੁਣ ਉਹ ਕੇਵਲ ਸਿਮ੍ਰਿਤੀ ਵਿਚ ਰਹਿ ਗਏ ਹਨ। ਭਾਈ ਸਾਹਿਬ ਨੇ ਪੜਤਾਲ ਦੇ ਅਰਥ ਜਾਂਚ, ਛਾਣਬੀਣ, ਦੇਖਭਾਲ ਅਤੇ ਚਾਰਤਾਲ ਦੇ ਭੇਦ ਪਟਤਾਲ ਦੇ ਰੂਪ ਵਿਚ ਲਏ ਹਨ। ਪਟਤਾਲ ਵਿਚ ਗਾਇਨ ਕੀਤੇ ਜਾਣ ਵਾਲੀਆਂ ਸ਼ਬਦ ਰੀਤਾਂ ਨੂੰ ਪੜਤਾਲ ਮੰਨਿਆ ਹੈ। ਪਰ ਗੁਰਮਤਿ ਸੰਗੀਤ ਪਰੰਪਰਾ ਅਤੇ ਰਾਗੀਆਂ ਰਬਾਬੀਆਂ ਦੀ ਸੀਨਾ ਬਸੀਨਾ ਚਲੀ ਆ ਰਹੀ ਸ਼ਬਦ ਕੀਰਤਨ ਪਰੰਪਰਾ ਦੇ ਅੰਤਰਗਤ ਪੜਤਾਲ ਨੂੰ ਵਿਭਿੰਨ ਤਾਲਾਂ ਵਿਚ ਨਿਬੱਧ ਕਰਕੇ ਨਿਰਧਾਰਿਤ ਰਾਗ ਦੇ ਵਿਚ ਗਾਏ ਜਾਣ ਵਾਲੀ ਸ਼ੈਲੀ ਵਜੋਂ ਜਾਣਿਆ ਜਾਂਦਾ ਹੈ। ਵਰਤਮਾਨ ਗੁਰਮਤਿ ਸੰਗੀਤਾਚਾਰੀਆ ਪੜਤਾਲ ਨੂੰ ਕਿਸੇ ਤਾਲ ਦੇ ਰੂਪ ਵਿਚ ਨਹੀਂ ਸਗੋਂ ਗੁਰਮਤਿ ਸੰਗੀਤ ਦੀ ਇਕ ਮੌਲਿਕ ਗਾਇਨ ਸ਼ੈਲੀ ਮੰਨਦੇ ਹਨ।

ਪ੍ਰੋ. ਸਾਹਿਬ ਸਿੰਘ ਅਨੁਸਾਰ, 'ਜਿੱਥੇ ਤਾਲ ਮੁੜ ਮੁੜ ਪਰਤਦਾ ਰਹੇ, ਬਦਲਦਾ ਰਹੇ, ਉਹ ਪੜਤਾਲ ਹੈ'। ਡਾ. ਚਰਨ ਸਿੰਘ ਅਨੁਸਾਰ, ਜਿਸ ਦੇ ਗਾਉਣੇ ਵਿੱਚ ਤੁਕ ਤੁਕ 'ਤੇ ਤਾਲ ਪਰਤਦਾ ਜਾਂਦਾ ਹੋਵੇ, ਸੋ ਪੜਤਾਲ ਹੈ। ਸੰਤ ਸਰਵਣ ਸਿੰਘ ਗੰਧਰਵ ਅਨੁਸਾਰ, 'ਪੜਤਾਲ ਦਾ ਦੂਜਾ ਨਾਮ ਹੈ ਪਟਤਾਲ। ਪਟ ਦਾ ਅਰਥ ਹੈ ਉਖੇੜਨਾ ਜਾਂ ਪੁੱਟਣਾ, ਭਾਵ ਕਿ ਕਿਸੇ ਵੀ ਤਾਲ ਨੂੰ ਪੁੱਟ ਕੇ ਉਖਾੜ ਕੇ ਜਾਂ ਬਦਲ ਕੇ ਗਾਉਣ ਨੂੰ ਹੀ ਪੜਤਾਲ ਕਹਿੰਦੇ ਹਨ। ਉਦਾਹਰਨ ਦੇ ਤੌਰ 'ਤੇ ਕਿਸੇ ਜਿਹਦੇ ਦੀ ਬੰਦਿਸ਼ ਨੂੰ ਕਿਸੇ ਇਕ ਤਾਲ ਵਿਚ ਆਰੰਭ ਕਰਨਾ, ਫਿਰ ਸਥਾਈ ਦਾ ਟੁਕੜਾ ਜਾਂ ਇਕ ਦੋ ਪੰਗਤੀਆਂ ਇਸੇ ਤਾਲ ਵਿਚ ਗਾ ਕੇ, ਦੂਸਰੀ ਪੰਗਤੀ ਅਰਥਾਤ ਅੰਤਰੇ ਨੂੰ ਕਿਸੇ ਦੂਸਰੇ ਤਾਲ ਵਿਚ ਬੰਦਿਸ਼ ਕਰਕੇ ਆਰੰਭ ਕਰਨਾ। ਆਰੰਭਤਾ ਵੀ ਉਸ ਤਾਲ ਵਿਚ ਕਰਨੀ ਜਿਹੜਾ ਤਾਲ ਪਹਿਲੇ ਤਾਲ ਨਾਲੋਂ ਬਿਲਕੁਲ ਵੱਖਰਾ ਹੋਵੇ, ਭਾਵ ਕਿ ਲੈਅ, ਚਾਲ, ਮਾਤਰੇ, ਵਿਭਾਗ ਸਭ ਕੁਝ ਬਦਲ ਜਾਵੇਂ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ, 'ਪੜਤਾਲ ਦਾ ਇਕ ਅਰਥ ਹੈ ਚੁਤਰਫ਼ਾ' ਤੇ ਦੂਜਾ ਛਾਣਬੀਣ ਵੀ ਹੈ। ਇਹ ਪੜਤਾਲ ਅਸਲ ਵਿਚ ਮਨ ਨੂੰ ਚਾਰ ਤਰਫ਼ਾਂ ਤੋਂ ਘੇਰ ਇਕ ਪ੍ਰਕਾਰ ਦੀ ਨਿਜ ਪੜਤਾਲ ਹੈ ਤਾਂ ਕਿ ਮਨ ਉਨਮੁਨ ਹੋ ਕੇ ਸਹੀ ਰਾਹ ਟੁਰ ਪਵੇਂ। ਪ੍ਰੋ. ਤਾਰਾ ਸਿੰਘ ਅਨੁਸਾਰ, ਪੜਤਾਲ ਇੱਕ ਅਜਿਹੀ ਗਾਇਨ ਸ਼ੈਲੀ ਹੈ ਜਿਸ ਵਿੱਚ ਗਾਉਂਦਿਆਂ ਗਾਉਂਦਿਆਂ ਕਈ ਵਾਰ ਤਾਲ ਬਦਲਦਾ ਹੈ। ਸੋ ਪੜਤਾਲ ਦਾ ਸ਼ਾਬਦਿਕ ਅਰਥ 'ਪਰਤਤਾਲ' ਹੈ, ਅਰਥਾਤ ਜਿਸ ਸ਼ਬਦ ਰੀਤ ਵਿਚ ਤੁਕ ਤੁਕ 'ਤੇ ਤਾਲ (ਬਦਲਦਾ) ਰਹੇ, ਉਸ ਨੂੰ ਪੜਤਾਲ ਦੀ ਸੰਗਿਆ ਦਿੱਤੀ ਜਾਂਦੀ ਹੈ। ਗੁਰਬਾਣੀ ਸੰਗੀਤ ਦੀ ਪੜਤਾਲ ਸ਼ੈਲੀ ਵਿੱਚ ਸ਼ਬਦ ਵਿੱਚ ਵਰਤੇ ਗਏ 'ਰਹਾਓ' ਨੂੰ ਸਥਾਈ ਦਾ ਰੂਪ ਦੇ ਕੇ, ਹੋਰ ਪਦਾਂ ਨੂੰ ਉਨ੍ਹਾਂ ਦੀ ਕਾਵਿ – ਸ੍ਰਿਸ਼ਟੀ ਅਨੁਸਾਰ

ਭਿੰਨ ਭਿੰਨ ਤਾਲਾਂ ਵਿੱਚ ਦਿੱਤੇ ਅੰਕਾਂ ਦੀ ਸੀਮਾ ਵਿੱਚ ਰਹਿੰਦੇ ਹੋਏ ਸਥਾਈ ਵਿੱਚ ਬੜੇ ਆਕਰਸ਼ਕ ਅਤੇ ਕਲਾਤਮਕ ਢੰਗ ਨਾਲ ਪ੍ਰਵੇਸ਼ ਕੀਤਾ ਜਾਂਦਾ ਹੈ।

ਪੜਤਾਲ ਦੇ ਪ੍ਰਚਲਿਤ ਸ਼ਬਦ ਜੋੜਾਂ ਨੂੰ ਇਕ ਨਵੀਨ ਅਰਥਾਂ ਅਨੁਸਾਰ ਵੀ ਵਿਭਾਜਿਤ ਕੀਤਾ ਜਾ ਸਕਦਾ ਹੈ। ਪੜ ਲ਼ ਤਾਲ ਅਰਥਾਤ ਇਸ ਸ਼ਬਦ ਰਚਨਾ ਦਾ ਪਾਠ ਤਾਲ (ਛੰਦ) ਵਾਂਗੂੰ ਕੀਤਾ ਜਾਵੇ। ਭਾਵ ਪੜਤਾਲ ਬਾਣੀ ਅਧੀਨ ਗੁਰੂ ਸਾਹਿਬਾਨ ਵੱਲੋਂ ਪ੍ਰਯੋਗ ਕੀਤੇ ਗਏ ਵੱਖ ਵੱਖ ਛੰਦਾਂ, ਲੈਅਕਾਰੀਆਂ ਅਤੇ ਕਾਵਿ ਜੋੜਾਂ ਨੂੰ ਆਧਾਰ ਮੰਨ ਕੇ ਕੀਤਾ ਗਿਆ ਪਾਠ ਅਤੇ ਗਾਇਨ ਹੀ ਸ਼ਬਦ ਵਿਚਲੇ ਭਾਵਾਂ ਨੂੰ ਦ੍ਰਿੜਾਉਣ ਹਿਤ ਸਹਾਇਕ ਹੋ ਸਕਦਾ ਹੈ। ਵਰਤਮਾਨ ਸਮੇਂ ਦੇ ਵਿਸ਼ਵ ਪ੍ਰਸਿੱਧ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ ਅਨੁਸਾਰ: 'ਪੜਤਾਲ ਤੋਂ ਭਾਵ ਸ਼ਬਦ ਗਾਇਨ ਦੀ ਉਹ ਰਚਨਾ ਹੈ ਜਿਸ ਵਿਚ ਤਾਲਾਂ ਨੂੰ ਬਦਲ ਬਦਲ ਕੇ ਪ੍ਰਯੋਗ ਕੀਤਾ ਜਾਂਦਾ ਹੈ। ਪੜਤਾਲ, ਪਰਤ ਤਾਲ, ਪਟਤਾਲ, ਪੰਚਤਾਲ ਆਦਿ ਨਾਵਾਂ ਦਾ ਸਬੰਧ ਪੜਤਾਲ ਨਾਲ ਦਰਸਾਇਆ ਜਾਂਦਾ ਹੈ। 'ਪੜਤਾਲ ਅਧੀਨ ਕਿਸੇ ਸ਼ਬਦ ਦੇ ਹਰ ਅੰਤਰੇ ਦੇ ਗਾਇਨ ਲਈ ਵੱਖ ਵੱਖ ਪੰਜ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਪਰ ਸਥਾਈ ਲਈ ਇੱਕੋ ਤਾਲ ਹੀ ਰਹਿੰਦਾ ਹੈ। ਹਰ ਅੰਤਰੇ ਪਿੱਛੋਂ ਤਾਲ ਨਾਲ ਸਬੰਧਿਤ ਤਿਹਾਈ ਮਾਰਨ ਲਈ ਵਿਸ਼ੇਸ਼ ਤੁਕਾਂਤ (ਬਾਣੀ ਵਿਚ ਹੀ) ਮੌਜੂਦ ਹੁੰਦਾ ਹੈ। 'ਪੜਤਾਲ ਦੀ ਸਮੁੱਚੀ ਕਵਿਤਾ (ਬਾਣੀ ਦਾ ਕਾਵਿ ਛੰਦ) ਕਾਫੀ ਗੁੰਦਵੀਂ ਅਤੇ ਕਾਵਿ ਰੂਪ ਨਿਰਾਲਾ ਹੈ। 'ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਸਮਕਾਲੀ ਸੰਗੀਤ ਵਿਚ ਪੜਤਾਲ ਗਾਇਕੀ ਦਾ ਉੱਲੇਖ ਹੋਰ ਕਿਧਰੇ ਨਹੀਂ ਮਿਲਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਚ ੋਪੜਤਾਲੋ ਨੂੰ ਹੋਰ ਸੰਗੀਤਕ ਸਿਰਲੇਖਾਂ ਵਾਂਗ, ਇਕ ਵੱਖਰੇ ਸੰਕੇਤ ਵਜੋਂ ਪ੍ਰਯੋਗ ਕੀਤਾ ਗਿਆ ਹੈ, ਜਿਸਤੋਂ ਸਪਸ਼ਟ ਹੈ ਕਿ ਪੜਤਾਲ ਦਾ ਪ੍ਰਯੋਗ ਕਿਸੇ ਰਾਗ ਜਾਂ ਤਾਲ ਨਾਲ ਨਹੀਂ ਸਗੋਂ ਇਕ ਗਾਇਨ ਸ਼ੈਲੀ ਵਜੋਂ ਹੈ।

ਪੜਤਾਲ ਗਾਇਨ ਸ਼ੈਲੀ ਗੁਰਮਤਿ ਸੰਗੀਤ ਪਰੰਪਰਾ ਦੀ ਮੌਲਿਕ ਵਿਸ਼ੇਸ਼ਤਾ ਹੈ। ਅਜਿਹੀ ਗਾਇਨ ਸ਼ੈਲੀ ਕਿਸੇ ਹੋਰ ਸੰਗੀਤ ਜਾਂ ਕੀਰਤਨ ਸ਼ੈਲੀ ਵਿਚ ਪ੍ਰਚੱਲਿਤ ਨਹੀਂ ਹੈ। ਰਬਾਬੀ ਅਤੇ ਰਾਗੀ ਜਥਿਆਂ ਦੀਆਂ ਪੇਸ਼ਕਾਰੀਆਂ ਵਿਚ ਉਨ੍ਹਾਂ ਦੀ ਆਪੋ ਆਪਣੀ ਸੰਗੀਤਕ ਸੂਝ ਅਤੇ ਗੁਰਬਾਣੀ ਦੀ ਸਮਝ ਦੇ ਆਧਾਰ 'ਤੇ ਪੜਤਾਲ ਗਾਇਨ ਵਿਚ ਕੁਝ ਨਿੱਜੀ ਵਿਸ਼ੇਸ਼ਤਾਵਾਂ ਸ਼ਾਮਿਲ ਹੋ ਗਈਆਂ। ਇਸ ਦਾ ਪ੍ਰਤੱਖਣ ਸਾਨੂੰ ਵਰਤਮਾਨ ਸਮੇਂ ਦੇ ਵੱਖ ਵੱਖ ਟਕਸਾਲੀ ਅਤੇ ਪਰੰਪਰਾਵਾਦੀ ਕੀਰਤਨੀਆਂ ਦੀਆਂ ਪ੍ਰਸਤੁਤੀਆਂ ਤੋਂ ਹੁੰਦਾ ਹੈ। ਪੜਤਾਲ ਗਾਇਨ ਵਿਚ ਨਿਰਧਾਰਿਤ ਰਾਗ ਦਾ ਪ੍ਰਯੋਗ ਕਰਦੇ ਹੋਏ, ਸ਼ਬਦ ਦੇ ਕਾਵਿ ਛੰਦ ਨਾਲ ਮੇਲ ਖਾਂਦੇ ਤਾਲਾਂ ਦੀ ਵਰਤੋਂ ਸਾਰੇ ਕੀਰਤਨੀਏ ਕਰਦੇ ਹਨ, ਪਰ ਇਨ੍ਹਾਂ ਤੋਂ ਇਲਾਵਾ ਕਈ ਹੋਰ ਸੰਗੀਤਕ ਤੱਤ ਹਨ ਜਿਨ੍ਹਾਂ ਦੇ ਆਧਾਰ ੋਤੇ ਪੜਤਾਲ ਸ਼ਬਦ ਦੇ ਗਾਇਨ ਵਿਚ ਕਈ ਹੋਰ ਉਪ ਵੰਨਗੀਆਂ ਪ੍ਰਚਾਰ ਵਿਚ ਆਈਆਂ ਹਨ। ਪੜਤਾਲ ਗਾਇਨ ਦੀਆਂ ਉਪਲਬਧ ਰਿਕਾਰਡਿੰਗਜ਼ ਤੋਂ ਕੀਰਤਨਕਾਰਾਂ ਦੁਆਰਾ ਪ੍ਰਯੋਗ ਕੀਤੇ ਗਏ ਵੱਖ ਵੱਖ ਅੰਦਾਜ਼ ਸੰਗਤਾਂ ਨੂੰ ਸ਼੍ਰਵਣੀ ਗੋਚਰ ਹੁੰਦੇ ਹਨ।

ਗੁਰਮਤਿ ਸੰਗੀਤ ਪਰੰਪਰਾ ਦੇ ਵਿਕਾਸ ਵਿਚ ਇਸ ਦੀਆਂ ਸਮਕਾਲੀ ਭਾਰਤੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਦਾ ਵਿਸ਼ੇਸ਼ ਪ੍ਰਭਾਵ ਪਿਆ ਹੈ। ਪੰਦ੍ਰਰਵੀਂ ਸ਼ਤਾਬਦੀ ਵਿਚ ਧਰੁਪਦ ਅਤੇ ਧਮਾਰ ਗਾਇਨ ਸ਼ੈਲੀਆਂ ਦੇ ਪ੍ਰਭਾਵ ਹੇਠ ਸ਼ਬਦ ਕੀਰਤਨ ਰਚਨਾਵਾਂ ਦੇ ਪਦ, ਚਉਪਦੇ, ਅਸ਼ਟਪਦੀ ਆਦਿ ਦਾ ਗਾਇਨ ਧਰੁਪਦ ਅੰਗ ਤੋਂ ਕੀਤਾ ਜਾਂਦਾ ਸੀ, ਜੋ ਚਾਰਤਾਲ, ਸੂਲਤਾਲ ਆਦਿ ਖੁੱਲ੍ਹੇ ਬੋਲਾਂ ਵਾਲੇ ਤਾਲਾਂ ਵਿਚ ਪ੍ਰਸਤੁਤ ਕੀਤੀਆਂ ਜਾਂਦੀਆਂ ਸਨ। ਇਸ ਨੂੰ ਵੱਡੇ ਤਾਲ ਵਿਚ ਗਾਇਨ ਵਜੋਂ ਜਾਣਿਆ ਜਾਂਦਾ ਸੀ। ਖ਼ਿਆਲ ਗਾਇਨ ਦੇ ਪ੍ਰਚਲਣ ਨੇ ਧਰੁਪਦ ਅੰਗ ਦੇ ਗਾਇਨ ਦੇ ਨਾਲ ਨਾਲ ਖ਼ਿਆਲ ਅੰਗ ਦੇ ਗਾਇਨ ਨੂੰ ਸ਼ਬਦ ਕੀਰਤਨ

ਪਰੰਪਰਾ ਦਾ ਹਿੱਸਾ ਬਣਾਇਆ।

ਧਰੁਪਦ ਅੰਗ ਤੋਂ ਪੜਤਾਲ ਗਾਇਨ : ਗੁਰਮਤਿ ਸੰਗੀਤ ਪਰੰਪਰਾ ਵਿਚ ਧਰੁਪਦ ਅੰਗ ਤੋਂ ਸ਼ਬਦ ਗਾਇਨ ਕਰਨ ਦੀ ਮਰਿਆਦਾ ਸਮਕਾਲੀ ਭਾਰਤੀ ਸੰਗੀਤ ਚੋਂ ਆਈ। ਭਾਰਤੀ ਸੰਗੀਤ ਵਿਚ 12ਵੀਂ ਸ਼ਤਾਬਦੀ ਤੋਂ ਅਧਿਆਤਮ ਰੰਗ ਦੀਆਂ ਰਚਨਾਵਾਂ ਲਈ ਧਰੁਪਦ ਅੰਗ ਦੇ ਗਾਇਨ ਦੇ ਪ੍ਰਯੋਗ ਦੇ ਪ੍ਰਮਾਣ ਜੈਦੇਵ ਦੁਆਰਾ ਰਚੀਆਂ ਅਸ਼ਟਪਦੀਆਂ ਤੋਂ ਪ੍ਰਾਪਤ ਹੁੰਦੇ ਹਨ। ਗੁਰਮਤਿ ਸੰਗੀਤਾਚਾਰੀਆ ਅਸ਼ਟਪਦੀ ਗਾਇਨ ਨੂੰ ਪ੍ਰਬੰਧ ਗਾਇਨ ਦੀ ਇਕ ਵੰਨਗੀ ਮੰਨਦੇ ਹਨ, ਜਿਸ ਵਿਚ ਉਦਗ੍ਰਹਿ, ਮੇਲਾਪਕ, ਧਰੁਵ, ਤੇ ਆਭੋਗ ਦੇ ਅੰਤਰਗਤ ਵਿਭਿੰਨ ਸੰਗੀਤਕ ਤੱਤਾਂ ਦੀ ਕਾਰਜਸ਼ੀਲਤਾ ਬਣੀ ਰਹਿੰਦੀ ਹੈ। ਪਦ ਗਾਇਨ ਵਿਚ ਧਰੁਪਦ ਅੰਗ ਤੋਂ ਗਾਇਨ ਕੀਤਾ ਜਾਂਦਾ ਹੈ। ਜਿਸ ਵਿਚ ਸਥਾਈ, ਅੰਤਰਾ, ਸੰਚਾਰੀ ਅਤੇ ਆਭੋਗ ਉਪ ਖੰਡਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਰਤਮਾਨ ਸਮੇਂ ਧਰੁਪਦ ਗਾਇਨ ਵਿਚ ਸਥਾਈ ਅਤੇ ਅੰਤਰਾ ਹੀ ਪ੍ਰਯੋਗ ਕੀਤੇ ਜਾਂਦੇ ਹਨ।

ਗੁਰਮਤਿ ਸੰਗੀਤ ਦੇ ਅੰਤਰਗਤ ਧਰੁਪਦ ਸ਼ੈਲੀ ਨਹੀਂ ਬਲਕਿ ਧਰੁਪਦ ਅੰਗ ਤੋਂ ਸ਼ਬਦ ਗਾਇਨ ਦੀ ਮਰਯਾਦਾ ਚੱਲੀ ਆ ਰਹੀ ਹੈ। ਧਰੁਪਦ ਅੰਗ ਦੇ ਗਾਇਨ ਵਿਚ ਧਰੁਪਦ ਗਾਇਨ ਦਾ ਮੌਲਿਕ ਤੇ ਵਿਸ਼ੇਸ਼ ਸੁਰ ਲਗਾਓ ਹੋਣਾ ਅਤਿ ਜ਼ਰੂਰੀ ਹੈ। ਇਸ ਦੇ ਅੰਤਰਗਤ ਸ਼ਬਦ ਦੇ ਕਾਵਿ ਛੰਦ ਅਨੁਸਾਰੀ ਹਰ ਬੋਲ ਨੂੰ ਇਕਸਾਰ ਲੈਆਤਮਿਕਤਾ ਪ੍ਰਦਾਨ ਕਰਨੀ ਚਾਹੀਦੀ ਹੈ, ਜਿਸ ਤੋਂ ਧਰੁਪਦ ਅੰਗ ਦੀ ਝਲਕ ਪਵੇ। ਧਰੁਪਦ ਅੰਗ ਤੋਂ ਪੜਤਾਲ ਗਾਇਨ ਕਰਦੇ ਸਮੇਂ ਧਰੁਪਦ ਗਾਇਨ ਦੇ ਮੁੱਖ ਸੰਗੀਤਕ ਤੱਤਾਂ ਦੇ ਪ੍ਰਯੋਗ ਵਿਚ ਸਹਿਜਤਾ ਲਿਆਉਣ ਅਤੇ ਸ਼ਬਦ ਦੇ ਭਾਵ ਨੂੰ ਉੱਚਤਾ ਪ੍ਰਦਾਨ ਕਰਦੇ ਹੋਏ ਸੰਗਤਾਂ ਅਤੇ ਸਰੋਤਿਆਂ ਤਾਈਂ ਗੁਰਬਾਣੀ ਭਾਵ ਪ੍ਰਕਾਸ਼ ਹਿਤ ਵਿਭਿੰਨ ਲੈਅਕਾਰੀਆਂ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ। ਆੜ, ਕੁਆੜ, ਬਿਆੜ, ਦੁਗੁਣ, ਤਿਗੁਣ, ਚੌਗੁਣ ਲੈਅਕਾਰੀਆਂ ਕੇਵਲ ਨਿੱਜੀ ਸੰਗੀਤਕ ਹਉਮੈ ਤਾਂ ਪਰਗਟ ਕਰਨਗੀਆਂ ਪਰ ਸ਼ਬਦ ਦੇ ਕੇਂਦਰੀ ਭਾਵ ਤੋਂ ਸੰਗਤਾਂ ਨੂੰ ਦੂਰ ਕਰਦੀਆਂ ਹੋਈਆਂ ਸੰਗੀਤਕ ਪ੍ਰਗਟਾਵੇ ਨਾਲ ਜੋੜਨ ਦਾ ਕੰਮ ਕਰਨਗੀਆਂ। ਗੁਰਬਾਣੀ ਦਾ ਫੁਰਮਾਨ ਹੈ,'ਸਹਿਜੇ ਗਾਵਿਆ ਥਾਇ ਪਵੈ ਬਿਨੁ ਸਹਿਜੇ ਕਥਨੀ ਬਾਦਿ'।

ਖ਼ਿਆਲ ਅੰਗ ਤੋਂ ਪੜਤਾਲ ਗਾਇਨ : ਭਾਰਤੀ ਸੰਗੀਤ ਵਿਚ ਧਰੁਪਦ ਗਾਇਨ ਤੋਂ ਬਾਅਦ ਖ਼ਿਆਲ ਗਾਇਨ ਦਾ ਪ੍ਰਚਲਨ ਹੋਇਆ। ਖ਼ਿਆਲ ਗਾਇਨ ਸ਼ੈਲੀ ਦਾ ਪ੍ਰਚਲਣ ਗੁਰੂ ਕਾਲ ਦਾ ਸਮਕਾਲੀ ਹੋਣ ਕਰਕੇ ਗੁਰਮਤਿ ਸੰਗੀਤ ਪਰੰਪਰਾ ਦੇ ਕੀਰਤਨਕਾਰਾਂ ਦੀਆਂ ਪੇਸ਼ਕਾਰੀਆਂ ਵਿਚ ਵੀ ਇਸ ਦੇ ਅੰਸ਼ ਪ੍ਰਯੋਗ ਹੋਣ ਲਗ ਪਏ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਖ਼ਿਆਲ ਪਾਤਸਾਹੀ 10' 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ' ਇਹ ਦਰਸਾਉਂਦਾ ਹੈ ਕਿ ਇਹ ਸ਼ੈਲੀ ਗੁਰੂ ਕਾਲ ਵਿਚ ਪ੍ਰਚੱਲਿਤ ਸੀ। ਸੀਨਾ ਬਸੀਨਾ ਚਲੇ ਆ ਰਹੇ ਸਿੱਖ ਕੀਰਤਨਕਾਰਾਂ ਦੀ ਗਾਇਨ ਸ਼ੈਲੀ ਵਿਚ ਵੀ ਖ਼ਿਆਲ ਅੰਗ ਦੇ ਤੱਤ ਵਿਸ਼ੇਸ਼ ਰੂਪ ਵਿਚ ਸ਼੍ਰਵਣੀ ਗੋਚਰ ਹੁੰਦੇ ਹਨ।

ਖ਼ਿਆਲ ਗਾਇਨ ਦੀਆਂ ਬੰਦਸ਼ਾਂ ਵਿਚ ਕਣ, ਮੁਰਕੀ ਅਤੇ ਤਾਨ ਦੀ ਪ੍ਰਧਾਨਤਾ ਦਿਖਾਈ ਦਿੰਦੀ ਹੈ। ਖ਼ਿਆਲ ਗਾਇਨ ਵਿਚ ਤਬਲੇ ਦੇ ਬੰਦ ਬੋਲਾਂ ਦੇ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਸ਼ੈਲੀ ਵਿਚ ਰਾਗ ਵਿਸਤਾਰ ਕਰਦੇ ਸਮੇਂ ਅਲਾਪ ਅਤੇ ਤਾਨਾਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਵਿਦਵਾਨ ਕੀਰਤਨੀਏ ਸਰਗਮ ਅਲਾਪ ਜਾਂ ਸਰਗਮ ਤਾਨਾਂ ਦੀ ਥਾਂ ਆਕਾਰਿਕ ਅਲਾਪ ਅਤੇ ਤਾਨਾਂ ਦਾ ਪ੍ਰਯੋਗ ਕਰਦੇ ਹਨ।

ਧਰੁਪਦ ਅਤੇ ਖ਼ਿਆਲ ਅੰਗ ਦੇ ਸੁਮੇਲ ਨਾਲ ਪੜਤਾਲ ਗਾਇਨ : ਧਰੁਪਦ ਅਤੇ ਖ਼ਿਆਲ ਗਾਇਨ ਦੋ ਵੱਖਰੀਆਂ ਗਾਇਨ ਸ਼ੈਲੀਆਂ ਹਨ ਜਿਨ੍ਹਾਂ ਦਾ ਉਦਗਮ, ਵਿਕਾਸ ਅਤੇ ਪ੍ਰਚਾਰ ਵੱਖ ਵੱਖ ਸਮਿਆਂ ਵਿਚ ਹੋਇਆ। ਪੜਤਾਲ ਗਾਇਨ ਸ਼ੈਲੀ ਵਿਚ ਇਨ੍ਹਾਂ ਦੋਹਾਂ ਗਾਇਨ ਸ਼ੈਲੀਆਂ ਨੂੰ ਇਕੱਠਿਆਂ ਪ੍ਰਯੋਗ ਕਰਨ ਦਾ

ਪ੍ਰਚਲਣ ਗੁਰਮਤਿ ਸੰਗੀਤ ਦੀ ਮੌਲਿਕਤਾ ਹੈ। ਅਜਿਹੀ ਉਦਾਹਰਨ ਕਿਸੇ ਵੀ ਹੋਰ ਸੰਗੀਤ ਪਰੰਪਰਾ ਵਿਚ ਨਹੀਂ ਹੈ। ਵਰਤਮਾਨ ਸਮੇਂ ਜਦੋਂ ਕਿ ਧਰੁਪਦ ਗਾਇਨ ਦਾ ਪ੍ਰਚਾਰ ਦਿਨੋਂ ਦਿਨ ਘੱਟ ਰਿਹਾ ਹੈ, ਸਿੱਖ ਸੰਗੀਤਕਾਰਾਂ, ਕੀਰਤਨੀਆਂ ਅਤੇ ਵਿਦਵਾਨਾਂ ਵੱਲੋਂ ਧਰੁਪਦ ਗਾਇਨ ਅੰਗ ਦੇ ਗਾਇਨ ਨੂੰ ਵਿਸ਼ੇਸ਼ ਸਰਪ੍ਰਸਤੀ ਪ੍ਰਦਾਨ ਕੀਤੀ ਜਾ ਰਹੀ ਹੈ।

ਪੜਤਾਲ ਗਾਇਨ ਵਿਚ ਜਿੱਥੇ ਵਿਭਿੰਨ ਗਾਇਨ ਸ਼ੈਲੀਆਂ (ਧਰੁਪਦ ਅੰਗ, ਖ਼ਿਆਲ ਅੰਗ ਮੱਧ ਲੈਅ ਦਰੁਤ ਲੈਅ ਵਿਲੰਬਿਤ ਲੈਅ) ਦੇ ਗਾਇਨ ਦਾ ਪ੍ਰਯੋਗ ਕੀਤਾ ਜਾਂਦਾ ਹੈ, ਉੱਥੇ ਇਕ ਹੀ ਪੜਤਾਲ ਸ਼ਬਦ ਰਚਨਾ ਵਿਚ ਇਕ ਤੋਂ ਵਧੇਰੇ ਤਾਲਾਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਪੜਤਾਲ ਗਾਇਨ ਵਿਚ ਵਿਭਿੰਨ ਮਾਤਰਾਵਾਂ ਅਤੇ ਲੈਅਕਾਰੀਆਂ ਲਈ ਵਰਤੇ ਜਾਣ ਵਾਲੇ ਤਾਲਾਂ ਦੇ ਆਧਾਰ 'ਤੇ ਪੜਤਾਲ ਗਾਇਨ ਵਿਚ ਭੇਦ ਉਤਪੰਨ ਹੁੰਦੇ ਹਨ।

ਖੁੱਲ੍ਹੇ ਬੋਲਾਂ ਵਾਲੇ ਤਾਲਾਂ ਦਾ ਪ੍ਰਯੋਗ : ਗੁਰਮਤਿ ਸੰਗੀਤ ਦੀ ਤਾਲ ਸਾਜ਼ ਵਾਦਨ ਪਰੰਪਰਾ ਵਿਚ ਪਖਾਵਜ ਦੇ ਖੁੱਲ੍ਹੇ ਬੋਲਾਂ ਵਾਲੇ ਤਾਲਾਂ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਗੁਰੂ ਕਾਲ ਵਿਚ ਮਿਰਦੰਗੇਪਖਾਵਜ ਮ੍ਰਿਗ ਸ਼ਬਦ ਗਾਇਨ ਵੰਨਗੀਆਂ ਲਈ ਰਬਾਬੀ ਅਤੇ ਰਾਗੀ ਜਥਿਆਂ ਵੱਲੋਂ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਖ਼ੁਦ ਮਿਰਦੰਗ ਵਾਦਨ ਵਿਚ ਨਿਪੁੰਨ ਸਨ ਅਤੇ ਯਾਤਰਾ ਸਮੇਂ ਵੀ ਆਪਣੇ ਨਾਲ ਮਿਰਦੰਗ ਰੱਖਦੇ ਸਨ। ਜੈਨਪੁਰ ਦੀ ਫੇਰੀ ਸਮੇਂ ਉੱਥੋਂ ਦੇ ਸੇਵਕ ਭਾਈ ਗੁਰਬਖਸ਼ ਦੀ ਸੇਵਾ ਤੋਂ ਖ਼ੁਸ਼ ਹੋ ਕੇ ਗੁਰੂ ਸਾਹਿਬ ਨੇ ਆਪਣਾ ਮਿਰਦੰਗ ਉਸ ਨੂੰ ਬਖ਼ਸ਼ੀਸ਼ ਕਰ ਦਿੱਤਾ ਸੀ। ਉਸ ਅਸਥਾਨ 'ਤੇ ਸਿੱਖ ਸੰਗਤਾਂ ਵੱਲੋਂ ਗੁਰਦੁਆਰਾ ਮ੍ਰਿਦੰਗਾਵਲੀ ਉਸਾਰਿਆ ਗਿਆ। ਭਾਰਤੀ ਸੰਗੀਤ ਵਿਚ ਤਬਲੇ ਦੇ ਆਗਮਨ ਤੋਂ ਬਾਅਦ ਗੁਰਮਤਿ ਸੰਗੀਤ ਪਰੰਪਰਾ ਵਿਚ ਕੀਰਤਨੀਆਂ ਵੱਲੋਂ ਜੋੜੀ ਵਾਦਨ ਦਾ ਪ੍ਰਚਲਣ ਪ੍ਰਾਰੰਭ ਹੋਇਆ। ਤਬਲੇ 'ਤੇ ਬੰਦ ਬੋਲਾਂ ਦਾ ਵਾਦਨ ਹੁੰਦਾ ਸੀ ਪਰ ਜੋੜੀ 'ਤੇ ਪਖਾਵਜ ਵਾਂਗ ਹੀ ਬਾਏਂ 'ਤੇ ਆਟਾ ਲਗਾ ਕੇ ਖੁੱਲ੍ਹੇ ਬੋਲਾਂ ਦਾ ਵਾਦਨ ਕਰਦੇ ਹੋਏ ਪਖਾਵਜ ਦੇ ਤਾਲਾਂ ਦਾ ਵਾਦਨ ਕੀਤਾ ਜਾਣ ਲੱਗ ਪਿਆ।

ਖੁੱਲ੍ਹੇ ਬੋਲਾਂ ਵਾਲੇ ਤਾਲ ਜਿੱਥੇ ਧਰੁਪਦ ਅੰਗ ਦੀ ਗਾਇਨ ਸ਼ੈਲੀ ਲਈ ਉਪਯੁਕਤ ਸਨ ਉੱਥੇ ਕੀਰਤਨਕਾਰਾਂ ਵੱਲੋਂ ਤਬਲੇ ਦੀਆਂ ਤਾਲਾਂ ਵੀ ਜੋੜੀ 'ਤੇ ਖੁੱਲ੍ਹੇ ਬੋਲਾਂ ਰਾਹੀ ਵਜਾਈਆਂ ਜਾਣ ਲਗੀਆਂ। ਫਲਸਰੂਪ ਪੜਤਾਲ ਗਾਇਨ ਵਿਚ ਜਿੱਥੇ ਧਰੁਪਦ ਅਤੇ ਖ਼ਿਆਲ ਗਾਇਨ ਪੜਤਾਲ ਸ਼ਬਦ ਗਾਇਨ ਦਾ ਹਿੱਸਾ ਬਣੇ ਉੱਥੇ ਤਾਲ ਵਾਦਨ ਦੀਆਂ ਇਹ ਵੰਨਗੀਆਂ ਦੇ ਏਕਲ ਅਤੇ ਸਮੂਹਿਕ ਪ੍ਰਯੋਗਾਂ ਨਾਲ ਪੜਤਾਲ ਗਾਇਨ ਪ੍ਰਸਤੁਤੀਆਂ ਵਿਚ ਨਵੇਂ ਭੇਦ ਉਤਪੰਨ ਹੋਏ।

ਬੰਦ ਬੋਲਾਂ ਵਾਲੇ ਤਾਲਾਂ ਦਾ ਪ੍ਰਯੋਗ : ਖ਼ਿਆਲ ਗਾਇਨ ਦੇ ਪ੍ਰਚਲਣ ਨਾਲ ਸ਼ਬਦ ਕੀਰਤਨ ਪ੍ਰਸਤੁਤੀਆਂ ਵਿਚ ਤਬਲਾ ਵਾਦਨ ਦੇ ਅੰਗ ਦੇ ਤਾਲਾਂ ਦਾ ਪ੍ਰਯੋਗ ਹੋਣ ਲੱਗਾ। ਤਬਲੇ ਦੇ ਬੰਦ ਬੋਲਾਂ ਵਾਲੇ ਤਾਲਾਂ ਵਿਚ ਗੰਭੀਰਤਾ ਦੀ ਕਮੀ ਅਤੇ ਚੰਚਲਤਾ ਦੇ ਨਾਲ ਨਾਲ ਤਿਆਰੀ ਦਾ ਪ੍ਰਦਰਸ਼ਨ ਆਉਣ ਲੱਗਾ। ਗੁਰਮਤਿ ਸੰਗੀਤ ਪਰੰਪਰਾ ਦੇ ਕੀਰਤਨਕਾਰ ਪੜਤਾਲ ਗਾਇਨ ਵਿਚ ਵੀ ਇਕਤਾਲ, ਸੂਲਫਾਕ, ਤੀਨਤਾਲ ਆਦਿ ਨੂੰ ਦਰੁਤ ਲੈਅ ਵਿਚ ਪ੍ਰਯੋਗ ਕਰਨ ਲਗ ਪਏ। ਵਰਤਮਾਨ ਸਮੇਂ ਵੀ ਪੜਤਾਲ ਦੇ ਅੰਤਲੇ ਅੰਤਰੇ ਨੂੰ ਤਾਲ ਦੀ ਦਰੁਤ ਲੈਅ ਵਿਚ ਨਿਬੱਧ ਕਰਦਿਆਂ ਕੀਰਤਨੀ ਸਿੰਘ ਦਰੁਤ ਲੈਅਕਾਰੀ ਯੁਕਤ ਬੋਲ ਤਾਨਾਂ, ਸੁਰ ਰਚਨਾ ਦੀਆਂ ਲੈਅਕਾਰੀਆਂ ਅਤੇ ਤਿਹਾਈਆਂ ਆਦਿ ਦਾ ਪ੍ਰਸਤੁਤੀਕਰਨ ਕਰਦੇ ਹਨ।

ਤਬਲਾ ਅਤੇ ਪਖਾਵਜ ਦੇ ਤਾਲਾਂ ਦੇ ਸੁਮੇਲ ਦਾ ਪ੍ਰਯੋਗ : ਕੁਝ ਪਰੰਪਰਾਗਤ ਪੜਤਾਲ ਰੀਤਾਂ ਅਤੇ ਵਰਤਮਾਨ ਸਮੇਂ ਪ੍ਰਚਾਰ ਵਿਚ ਆ ਰਹੀਆਂ ਪੜਤਾਲ ਸ਼ਬਦ ਸੁਰ ਰਚਨਾਵਾਂ ਵਿਚ ਧਰੁਪਦ ਅਤੇ ਖ਼ਿਆਲ ਅੰਗ ਦਾ ਗਾਇਨ ਸੰਯੁਕਤ ਰੂਪ ਵਿਚ ਵੀ ਕੀਤਾ ਜਾ ਰਿਹਾ ਹੈ। ਧਰੁਪਦ ਅੰਗ ਦੇ ਗਾਇਨ ਲਈ ਖੁੱਲ੍ਹੇ ਬੋਲਾਂ

ਵਾਲੇ ਤਾਲ ਅਤੇ ਖ਼ਿਆਲ ਅੰਗ ਦੇ ਗਾਇਨ ਲਈ ਤਬਲੇ ਦੇ ਬੰਦ ਬੋਲਾਂ ਵਾਲੇ ਤਾਲ ਵਰਤੇ ਜਾਂਦੇ ਹਨ। ਅਜਿਹੀਆਂ ਸ਼ਬਦ ਪੜਤਾਲ ਗਾਇਨ ਰਚਨਾਵਾਂ ਵਿਚ ਜਿੱਥੇ ਸਰੋਤਿਆਂ ਨੂੰ ਧਰੁਪਦ ਅਤੇ ਖ਼ਿਆਲ ਅੰਗ ਦੇ ਗਾਇਨ ਦੀ ਝਲਕ ਮਿਲਦੀ ਹੈ ਉੱਥੇ ਤਾਲ ਵਾਦਨ ਦੇ ਖੁੱਲ੍ਹੇ ਅਤੇ ਬੰਦ ਬੋਲਾਂ ਵਾਲੇ ਤਾਲਾਂ ਦੇ ਨਾਲ ਨਾਲ ਦੋਹਾਂ ਤਾਲ ਵਾਦਨ ਸ਼ੈਲੀਆਂ ਵੀ ਸ਼੍ਰਵਣੀ ਗੋਚਰ ਹੁੰਦੀਆਂ ਹਨ।

ਪੜਤਾਲ ਸ਼ਬਦ ਗਾਇਨ ਕਰਦੇ ਸਮੇਂ ਤਾਲ ਦੀ ਪ੍ਰਯੋਗ ਕੀਤੀ ਜਾ ਰਹੀ ਲੈਅ ਉਸ ਦੀ ਗਾਇਨ ਪ੍ਰਕ੍ਰਿਆ 'ਤੇ ਲੈ ਅਸਰ ਪਾਉਂਦੀ ਹੈ। ਭਾਰਤੀ ਅਤੇ ਗੁਰਮਤਿ ਸੰਗੀਤ ਦੀਆਂ ਅਨੇਕਾਂ ਵੰਨਗੀਆਂ ਪ੍ਰਯੋਗ ਹੋਣ ਵਾਲੇ ਤਾਲ ਦੀ ਪ੍ਰਯੋਗਰਤ ਲੈਅ ਦੇ ਆਧਾਰ 'ਤੇ ਆਪਣੀ ਵੱਖਰੀ ਪਹਿਚਾਣ ਰੱਖਦੀਆਂ ਹਨ। ਵਿਲੰਬਿਤ ਖ਼ਿਆਲ, ਮੱਧ ਲੈਅ ਦਾ ਖ਼ਿਆਲ, ਦਰੁਤ ਖ਼ਿਆਲ, ਮੰਗਲਾਚਰਨ, ਖ਼ਿਆਲ ਅੰਗ ਦਾ ਸ਼ਬਦ ਆਦਿ ਅਜਿਹੀਆਂ ਗਾਇਨ ਸ਼ੈਲੀਆਂ ਹਨ, ਜਿਨ੍ਹਾਂ ਦਾ ਉਦਗਮ ਤੇ ਵਿਕਾਸ ਕੇਵਲ ਪ੍ਰਯੋਗ ਹੋਣ ਵਾਲੀ ਲੈਅ ਦੇ ਆਧਾਰੋ ਤੇ ਹੀ ਹੋਇਆ ਹੈ। ਗੁਰਮਤਿ ਸੰਗੀਤ ਦੀ ਪੜਤਾਲ ਗਾਇਨ ਪਰੰਪਰਾ ਵਿਚ ਤਾਲ ਦੀਆਂ ਵੱਖ ਵੱਖ ਲੈਅਕਾਰੀਆਂ ਦੇ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦੇ ਹਨ। ਕਈ ਟਕਸਾਲੀ ਪੜਤਾਲ ਗਾਇਨ ਰਚਨਾਵਾਂ ਵਿਚ ਤੀਨਤਾਲ, ਇਕਤਾਲ, ਸੂਲਫਾਕ ਦੇ ਮੱਧ ਲੈ ਅਤੇ ਦਰੁਤ ਲੈਅ ਰੂਪਾਂਤਰ ਇਕੱਠੇ ਪ੍ਰਯੋਗ ਕੀਤੇ ਗਏ ਹਨ।

ਪੜਤਾਲ ਗਾਇਨ ਵਿਚ ਸਥਾਈ ਅਤੇ ਅੰਤਰਿਆਂ ਵਿਚ ਅਲੱਗ ਅਲੱਗ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਕ ਤਾਲ ਤੋਂ ਦੂਜੇ ਤਾਲ ਵਿਚ ਪ੍ਰਵੇਸ਼ ਕਰਨ ਲੱਗਿਆਂ ਦੋਵੇਂ ਤਾਲਾਂ ਦੀ ਲੈਅ, ਆਵਰਤਨ ਅਤੇ ਸਮ ਵਿਚਲਾ ਸਬੰਧ ਪੜਤਾਲ ਗਾਇਨ ਦੇ ਤਾਲ ਪ੍ਰਬੰਧ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਇਕ ਪੜਤਾਲ ਵਿਚ ਵਰਤੇ ਗਏ ਤਾਲਾਂ ਵਿਚ ਲੈਆਤਮਿਕ ਸੰਵਾਦ ਹੋਣਾ ਜ਼ਰੂਰੀ ਹੈ। ਇਕਤਾਲ ਦੀ ਆੜ ਨਾਲ ਤੀਨਤਾਲ ਪ੍ਰਾਪਤ ਹੋ ਸਕਦੀ ਸਕਦੀ ਹੈ। ਤੀਨਤਾਲ ਦੀ ਸਵਾਈ ਲੈਅ ਬੀਰਤਾਲ ਵਿਚ ਪਰਿਵਰਤਿਤ ਹੋ ਸਕਦੀ ਹੈ। ਬੀਰਤਾਲ ਦੀ ਲੈਅ ਨੂੰ ਅੱਧੀ ਕਰਨ 'ਤੇ ਸੂਲਫਾਕੇਸੂਲਤਾਲ ਦੀ ਪ੍ਰਾਪਤੀ ਹੋ ਸਕਦੀ ਹੈ। ਸੂਲਤਾਲ ਤੋਂ ਪ੍ਰਾਪਤ ਲੈਅ ਦੀ ਆੜ ਪੰਚਮ ਸਵਾਰੀ ਦੇ ਸਰੂਪ ਉਜਾਗਰ ਕਰ ਸਕਦੀ ਹੈ। ਉਪਰੋਕਤ ਅਨੁਸਾਰ ਤਾਲਾਂ ਦਾ ਲੈਆਤਮਿਕ ਸੰਵਾਦ ਰਚਾ ਕੇ ਪ੍ਰਸਤੁਤ ਕੀਤੀ ਗਈ ਪੜਤਾਲ ਵਿਚ ਤਾਲ ਇਕ ਵਿਸ਼ੇਸ਼ ਪ੍ਰਕਾਰ ਦੀ ਖਿੱਚ ਹੁੰਦੀ ਹੈ। ਅਜਿਹੀਆਂ ਪੜਤਾਲ ਰਚਨਾਵਾਂ ਨਾਲ ਤਾਲ ਸੰਗਤ ਕਰਦੇ ਸਮੇਂ ਕਿਸੇ ਵੀ ਤਾਲ ਦੀ ਸਮਗਰੀ ਤਾਲ ਸੰਵਾਦ ਕ੍ਰਿਆ ਨਾਲ ਦੂਜੇ ਤਾਲ ਵਿਚ ਪ੍ਰਯੋਗ ਕੀਤੀ ਜਾ ਸਕਦੀ ਹੈ, ਜਿਸ ਦਾ ਭਾਰਤੀ ਸੰਗੀਤ ਦੀ ਕਿਸੇ ਹੋਰ ਸ਼ੈਲੀ ਵਿਚ ਸਮ ਪ੍ਰਯੋਗ ਨਹੀਂ ਮਿਲਦਾ। ਪੜਤਾਲ ਗਾਇਕੀ ਵਿਚ ਅਜਿਹਾ ਤਾਲ ਪ੍ਰਬੰਧ ਰੱਖ ਕੇ ਸ਼ਬਦ ਗਾਇਨ ਕਰਨ ਲਈ ਕੀਰਤਨਕਾਰਾਂ ਦਾ ਰਾਗ, ਬਾਣੀ, ਤਾਲ ਅਤੇ ਵਿਭਿੰਨ ਲੈਅਕਾਰੀਆਂ 'ਤੇ ਅਧਿਕਾਰ ਹੋਣਾ ਅਤਿ ਲੋੜੀਂਦਾ ਹੈ। ਸਾਧਾਰਨ ਤੌਰ 'ਤੇ ਜੋ ਪੜਤਾਲਾਂ ਸੁਣਨ ਨੂੰ ਮਿਲਦੀਆਂ ਹਨ ਉਨ੍ਹਾਂ ਵਿਚ ਵੱਖ ਵੱਖ ਤਾਲਾਂ ਦਾ ਪ੍ਰਯੋਗ ਕੇਵਲ ਬਰਾਬਰ, ਅੱਧੀ ਜਾਂ ਦਰੁਤ ਲੈਅ ਸੰਵਾਦ ਦੇ ਆਧਾਰ 'ਤੇ ਹੀ ਪ੍ਰਯੋਗ ਹੋਣ ਵਾਲੇ ਤਾਲਾਂ ਦੀ ਲੈਅ ਰੱਖੀ ਜਾਂਦੀ ਹੈ। ਪ੍ਰਯੋਗ ਹੋ ਰਹੇ ਤਾਲ ਤੋਂ ਦੂਜੇ ਤਾਲ ਵਿਚ ਪ੍ਰਵੇਸ਼ ਕਰਦੇ ਸਮੇਂ ਕ੍ਰਿਆਸ਼ੀਲ ਤਾਲ ਦਾ ਅਨੁਸਰਨ ਕਰਦੇ ਹੋਏ ਬੋਲ ਤਿਹਾਈ ਦਾ ਪ੍ਰਯੋਗ ਕਰਦਿਆਂ ਅਗਲੇ ਤਾਲ ਦਾ ਸਮ ਪ੍ਰਾਪਤ ਕੀਤਾ ਜਾਂਦਾ ਹੈ। ਬੋਲ ਤਿਹਾਈ ਦੋ ਤਰ੍ਹਾਂ ਨਾਲ ਲਈ ਜਾ ਸਕਦੀ ਹੈ।

ਗਾਇਨ ਕੀਤੇ ਜਾ ਰਹੇ ਅੰਤਰੇਸਥਾਈ ਦੀ ਅੰਤਲੀ ਤੁਕ ਚੋਂ ਬੋਲ ਤਿਹਾਈ ਪ੍ਰਾਪਤ ਕਰਨੀ।

ਗਾਇਨ ਕੀਤੇ ਜਾਣ ਵਾਲੀ ਸਥਾਈਅੰਤਰੇ ਦੀ ਪਹਿਲੀ ਤੁਕ ਚੋਂ ਬੋਲ ਤਿਹਾਈ ਪ੍ਰਾਪਤ ਕਰਨੀ।

ਪੜਤਾਲ ਗਾਇਨ ਵਿਚ ਸਥਾਈ ਅਤੇ ਅੰਤਰਿਆਂ ਲਈ ਵੱਖ ਵੱਖ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕਿਉਂਜੋ ਬਹੁਤੇ ਪੜਤਾਲ ਸ਼ਬਦਾਂ ਵਿਚ ਇਕ ਤੋਂ ਵਧੇਰੇ ਕਾਵਿ ਛੰਦ ਪ੍ਰਯੋਗ ਕੀਤੇ ਗਏ ਹਨ, ਇਸ ਲਈ ਦੇ ਆਧਾਰ 'ਤੇ ਵੱਖ ਵੱਖ ਤਾਲਾਂ ਦਾ ਪ੍ਰਯੋਗ ਇਸ ਗਾਇਨ ਸ਼ੈਲੀ ਦੀ ਮੁੱਖ ਵਿਸ਼ੇਸ਼ਤਾ ਬਣ ਗਿਆ। ਸ੍ਰੀ ਗੁਰੂ ਗ੍ਰੰਥ

ਸਾਹਿਬ ਵਿਚ ਕੁਝ ਅਜਿਹੇ ਪੜਤਾਲ ਸ਼ਬਦ ਵੀ ਹਨ ਜਿਨ੍ਹਾਂ ਵਿਚ ਕੇਵਲ ਇਕ ਹੀ ਕਾਵਿ ਛੰਦ ਦਾ ਪ੍ਰਯੋਗ ਕੀਤਾ ਗਿਆ ਹੈ। ਅਜਿਹੇ ਸ਼ਬਦਾਂ ਦੇ ਗਾਇਨ ਹਿਤ ਤਾਲਾਂ ਦੀ ਵਰਤੋਂ ਸਬੰਧੀ ਕੀਰਤਨਕਾਰਾਂ ਵੱਲੋਂ ਆਪੋ ਆਪਣੀ ਟਕਸਾਲੀ ਪਰੰਪਰਾ ਅਪਣਾਈ ਜਾਂਦੀ ਰਹੀ ਹੈ। ਕੁਝ ਕੀਰਤਨੀਏ ਪੜਤਾਲ ਗਾਇਨ ਕਰਨ ਹਿਤ ਕੇਵਲ ਦੋ ਹੀ ਤਾਲਾਂ ਦਾ ਪ੍ਰਯੋਗ (ਇਕ ਸਥਾਈ ਅਤੇ ਇਕ ਅੰਤਰੇ ਲਈ) ਵੀ ਕਰਦੇ ਹਨ।

ਕੁਝ ਕੀਰਤਨੀ ਸਿੰਘ ਪੜਤਾਲ ਸ਼ਬਦ ਗਾਇਨ ਕਰਦੇ ਸਮੇਂ ਅੰਤਰਿਆਂ ਲਈ ਕੇਵਲ ਇਕ ਹੀ ਤਾਲ ਦਾ ਪ੍ਰਯੋਗ ਕਰਦੇ ਹਨ। ਉਨ੍ਹਾਂ ਵੱਲੋਂ ਸਥਾਈ ਲਈ ਕੋਈ ਇਕ ਤਾਲ ਕਰਕੇ ਪੜਤਾਲ ਸ਼ਬਦ ਦੇ ਸਾਰੇ ਅੰਤਰੇ ਕਿਸੇ ਦੂਜੇ ਤਾਲ ਵਿਚ ਗਾਇਨ ਕੀਤੇ ਜਾਂਦੇ ਹਨ। ਹਰ ਅੰਤਰੇ ਲਈ ਵੱਖ ਵੱਖ ਤਾਲਾਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ।

ਰਾਗ ਵਿਸਤਾਰ ਕਰਦਿਆਂ ਤਾਨਾਂ ਪਲਟਿਆਂ ਦਾ ਪ੍ਰਯੋਗ : ਗੁਰਮਤਿ ਸੰਗੀਤ ਵਿਚ ਕੀਰਤਨ ਦਾ ਮੁੱਖ ਮਨੋਰਥ ਬਾਣੀ ਵਿਚਲੇ ਕੇਂਦਰੀ ਭਾਵ ਦਾ ਸੰਚਾਰ ਹੁੰਦਾ ਹੈ ਨਾ ਕਿ ਕੀਰਤਨਕਾਰ ਦੀ ਸੰਗੀਤਕ ਉੱਚਤਾ ਦੇ ਪ੍ਰਗਟਾਵਾ। ਇਸ ਲਈ ਗੁਰਮਤਿ ਸੰਗੀਤ ਪਰੰਪਰਾ ਵਿਚ ਪੜਤਾਲ ਸ਼ਬਦ ਗਾਇਨ ਕਰਦੇ ਸਮੇਂ ਇਨ੍ਹਾਂ ਸੰਗੀਤਕ ਜੁਗਤਾਂ ਦਾ ਬੇਲੋੜਾ ਪ੍ਰਯੋਗ ਨਹੀਂ ਕਰਨਾ ਚਾਹੀਦਾ। ਫਿਰ ਵੀ ਕੁਝ ਕੀਰਤਨੀਏ ਸੰਗੀਤਕ ਸੂਝਬੂਝ ਦੇ ਪ੍ਰਗਟਾਵੇ ਹਿਤ ਪੜਤਾਲ ਗਾਇਨ ਵਿਚ ਰਾਗ ਵਿਸਤਾਰ ਕਰਦਿਆਂ ਤਾਨਾਂ ਪਲਟਿਆਂ ਦਾ ਗਾਇਨ ਕਰਦੇ ਹਨ। ਭਾਵੇਂ ਅਜਿਹਾ ਕਰਨਾ ਗੁਰਮਤਿ ਸੰਗੀਤ ਦੀ ਕਸੌਟੀ 'ਤੇ ਪੂਰਾ ਨਹੀਂ ਉੱਤਰਦਾ ਪਰ ਫਿਰ ਵੀ ਕੁਝ ਪੜਤਾਲ ਰਚਨਾਵਾਂ ਦੀ ਪ੍ਰਸਤੁਤੀ ਵਿਚ ਸਰਗਮ ਜਾਂ ਆਕਾਰਿਕ ਤਾਨਾਂ ਪਲਟਿਆਂ ਦਾ ਪ੍ਰਯੋਗ ਸ਼੍ਰਵਣੀ ਗੋਚਰ ਹੁੰਦਾ ਹੈ।

ਗੁਰਮਤਿ ਸੰਗੀਤ ਦੀਆਂ ਵਿਭਿੰਨ ਗਾਇਨ ਸ਼ੈਲੀਆਂ ਦਾ ਮੁੱਖ ਉਦੇਸ਼ ਬਾਣੀ ਵਿਚਲਾ ਭਾਵ ਪ੍ਰਕਾਸ਼ ਹੈ। ਸ਼ਬਦ ਦੇ ਭਾਵ ਦੇ ਸੰਚਾਰ ਲਈ ਕੀਰਤਨਕਾਰਾਂ ਵੱਲੋਂ ਕਈ ਸੰਗੀਤਕ ਕ੍ਰਿਆਵਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਸ ਵਿਚ ਭਾਰਤੀ ਸੰਗੀਤ ਦੇ ਅੰਦਾਜ਼ ਤੋਂ ਸੁਰਾਤਮਕਿ ਅਤੇ ਲੈਆਤਮਿਕ ਕ੍ਰਿਆਵਾਂ ਮਹੱਤਵਪੂਰਨ ਹਿੱਸਾ ਪਾਉਂਦੀਆਂ ਹਨ। ਪੜਤਾਲ ਗਾਇਨ ਦੀਆਂ ਕੁਝ ਰਚਨਾਵਾਂ ਵਿਚ ਖ਼ਾਸ ਕਰਕੇ ਧਰੁਪਦ ਅੰਗ ਦੇ ਗਾਇਨ ਸਮੇਂ ਵਿਭਿੰਨ ਲੈਅਕਾਰੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਧਰੁਪਦ ਗਾਇਨ ਅੰਗ ਗੁਰਮਤਿ ਸੰਗੀਤ ਪਰੰਪਰਾ ਵਿਚ ਭਾਰਤੀ ਸੰਗੀਤ ਤੋਂ ਆਇਆ ਹੈ। ਜਿਸ ਵਿਚ ਧਰੁਪਦ ਗਾਇਨ ਕਰਦੇ ਸਮੇਂ ਲੈਆਤਮਿਕ ਸੂਝਬੂਝ ਦਾ ਪ੍ਰਗਟਾਵਾ ਦੁਗੁਣ, ਤਿਗੁਣ, ਚੌਗੁਣ, ਆੜ, ਕੁਆੜ, ਬਿਆੜ ਆਦਿ ਲੈਅਕਾਰੀਆਂ ਦੀ ਪੇਸ਼ਕਾਰੀ ਦੁਆਰਾ ਕੀਤਾ ਜਾਂਦਾ ਹੈ ਪਰ ਗੁਰਮਤਿ ਸੰਗੀਤ ਵਿਧਾਨ ਵਿਚ ਧਰੁਪਦ ਗਾਇਨ ਨਹੀਂ ਕੀਤਾ ਜਾਂਦਾ ਸਗੋਂ ਧਰੁਪਦ ਅੰਗ ਤੋਂ ਗਾਇਨ ਕੀਤਾ ਜਾਂਦਾ ਹੈ। ਪੜਤਾਲ ਸ਼ਬਦ ਗਾਇਨ ਵਿਚ ਮੂਲ ਸੁਰ ਰਚਨਾ ਦੀਆਂ ਸਾਧਾਰਨ ਲੈਅਕਾਰੀਆਂ ਜੋ ਸ਼ਬਦ ਦੇ ਭਾਵ ਸੰਚਾਰ ਵਿਚ ਬਾਧਕ ਨਾ ਹੋਣ ਸਗੋਂ ਭਾਵ ਵਿਚ ਤੀਬਰਤਾ ਲਿਆਉਣ ਦੇ ਸਮਰੱਥ ਹੋਣ, ਦਾ ਪ੍ਰਯੋਗ ਕੀਤਾ ਜਾਣਾ ਚਾਹੀਦਾ ਹੈ।

**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਮਨੁੱਖ ਦੀ ਸ਼ਖ਼ਸੀਅਤ ਉਸਾਰੀ ਵਿੱਚ, ਕਿਤਾਬ ਦੀ ਭੂਮਿਕਾ

**ਬੀਰ ਦਵਿੰਦਰ ਸਿੰਘ**

ਮਨੁੱਖਾ ਜਨਮ ਮਿਲਣ ਤੋਂ ਬਾਅਦ ਜਿਵੇਂ ਜਿਵੇਂ ਸੋਝੀ ਦਾ ਵਿਕਾਸ ਹੁੰਦਾ ਗਿਆ, ਤਿਵੇਂ ਤਿਵੇਂ, ਨਵੇਂ ਅਨੁਭਵਾਂ ਰਾਹੀ ਸੋਚ ਵਿੱਚ ਨਿਖਾਰ ਆਉਂਦਾ ਗਿਆ, ਜਿਵੇਂ ਜਿਵੇਂ ਸੋਚ ਪਰਬਲ ਹੁੰਦੀ ਗਈ ਤਿਵੇਂ ਤਿਵੇਂ, ਨਵੇਂ ਵਿਚਾਰਾਂ ਦੀ ਖੋਜ ਅਤੇ ਨਿਰੂਪਣ ਦੀ ਤਿਸ਼ਨਗੀ ਵੀ ਵੱਧਦੀ ਗਈ। ਨਵੀਂਆਂ ਚੀਜ਼ਾਂ ਨੂੰ ਵੇਖਣ੍ਹਪਰਖਣ ਅਤੇ ਨਵੇਂ ਵਿਚਾਰਾਂ ਨੂੰ ਜਾਨਣ ਦੀ ਉਤਸੁਕਤਾ , ਪਿਆਸ ਦੀ ਸਿੱਕ ਤੋਂ ਵੀ ਵੱਧ ਉਤੇਜਕ ਜਾਪਣ ਲੱਗੀ। ਵੱਧ ਤੋਂ ਵੱਧ ਜਾਨਣ ਦੀ ਜਗਿਆਸਾ ਨੇ ਮੈਨੂੰ ਚੜ੍ਹਦੀ ਜਵਾਨੀ ਵਿੱਚ ਹੀ ਅਭਿਆਗਤ ਆਵਾਰਗੀ ਦਾ ਚਸਕਾ ਲਾ ਦਿੱਤਾ, ਇਸ ਆਵਾਰਗੀ ਦੇ ਜ਼ਹੂਰ ਵਿੱਚੋਂ ਪੈਦਾ ਹੋਏ ਅਨੁਭਵਾਂ ਨੇ ਮੇਰੀ ਹੋਂਦ-ਹਸਤੀ ਵਿੱਚ ਇੱਕ ਅਜੀਬ ਜੇਹੀ ਉਪਰਾਮਤਾ ਤੇ ਵਿਦ੍ਰੋਹੀ ਸੁਰ ਦਾ ਰੁਝਾਨ ਪੈਦਾ ਕਰ ਦਿੱਤਾ । ਮੇਰੀ ਸੋਚ ਵਿੱਚ ਇਨਕਾਰੀ ਰਜੂਹ ਇਸ ਕਦਰ ਭਾਰੂ ਹੋ ਗਿਆ ਕਿ ਮੈਨੂੰ ਦਸਵੀਂ ਜਮਾਤ ਵਿੱਚ ਹੀ ਜਾਪਣ ਲੱਗ ਪਿਆ ਕਿ ਇਹ ਪਾਠ ਪੁਸਤਕਾਂ ਤਾਂ ਮੈਨੂੰ, ਕੇਵਲ ਇਮਤਿਹਾਨ ਪਾਸ ਕਰਨ ਜੋਗਾ ਹੀ ਬਣਾ ਸਕਦੀਆਂ ਹਨ, ਇਸ ਤੋਂ ਵੱਧ ਇਨ੍ਹਾਂ ਵਿੱਚ ਹੋਰ ਕੁੱਝ ਨਹੀਂ, ਪਰ ਮੇਰੀ ਤੇਹ ਦੀ ਸੀਮਾ ਤਾਂ ਇਸ ਤੋਂ ਕਿਤੇ ਦੂਰ ਦੀ ਸੀ। ਮੇਰੀ ਤੇਹ ਦੀ ਤ੍ਰਿਸ਼ਨਾ ਅਤੇ ਵੱਧ ਤੋਂ ਵੱਧ ਜਾਣਨ ਦੀ ਉਤਸੁਕਤਾ, ਇਹਨਾਂ ਸੀਮਾਵਾਂ ਨੂੰ ਪਾਰ ਕਰਕੇ, ਗੰਭੀਰ ਤੇ ਅਸਧਾਰਨ ਇਲਮ ਦੀ ਤਲਾਸ਼ ਵਿੱਚ ਭਟਕ ਰਹੀ ਸੀ। ਇਸ ਤਲਾਸ਼ ਨੇ ਮੈਨੂੰ 1966 ਵਿੱਚ ਦਸਵੀਂ ਪਾਸ ਕਰਨ ਉਪਰੰਤ ਪੰਜਾਬੀ ਦੇ ਅਖ਼ਬਾਰਾਂ ਤੋਂ ਬਿਨਾਂ ਅੰਗਰੇਜ਼ੀ 'ਟ੍ਰਿਬਿਊਨ' ਅਤੇ 'ਇਲੱਸਟਰੇਟਡ ਵੀਕਲੀ', 'ਰੀਡਰਜ਼ ਡਾਇਜੈਸਟ' ਅਤੇ 'ਲਿੰਕ' ਆਦਿ ਦਾ ਪਾਠਕ ਬਣਾ ਦਿੱਤਾ। ਮੈਂ ਇਸ ਗੱਲੋਂ ਬੜਾ ਹੈਰਾਨ ਸੀ ਕਿ ਹਰੇਕ ਵੱਡੇ ਰੇਲਵੇ ਸਟੇਸ਼ਨ ਜਾਂ ਬੱਸ ਅੱਡੇ ਉੱਤੇ ਕਿਤਾਬਾਂ ਤੇ ਰਸਾਲਿਆਂ ਦਾ ਸਟਾਲ ਕਿਉਂ ਹੁੰਦਾ  ਮੈਂ ਜਦ ਵੀ ਕਦੇ ਬੱਸ ਅੱਡੇ ਜਾਂ ਰੇਲਵੇ ਸਟੇਸ਼ਨ ਤੇ ਜਾਣਾਂ ਤਾਂ ਮੇਰੀ ਤਵੱਜੋ ਦਾ ਪਹਿਲਾ ਆਕਰਸ਼ਨ, ਕਿਤਾਬਾਂ ਤੇ ਰਸਾਲਿਆਂ ਦੇ ਸਟਾਲ ਹੁੰਦੇ ਸਨ । ਮੈਂ ਆਪਣੀ ਜੇਬ ਦੀ ਸਮਰੱਥਾ ਅਨੁਸਾਰ, ਆਪਣੇ ਮਰਜ਼ੀ ਦੇ ਰਸਾਲਿਆਂ ਤੇ ਕਿਤਾਬਾਂ ਦੀ ਚੋਣ ਕਰ ਲੈਣੀ ਅਤੇ ਸਾਰੇ ਸਫ਼ਰ ਵਿੱਚ ਪੜ੍ਹਦਾ ਰਹਿਣਾ।

ਮੇਰੇ ਪਿਤਰੀ ਸ਼ਹਿਰ, ਸਰਹੰਦ ਦੇ, ਰੋਪੜ-ਬੱਸ ਅੱਡੇ ਉੱਤੇ ਵੀ ਇੱਕ ਕਿਤਾਬਾਂ ਅਤੇ ਅਖ਼ਬਾਰਾਂ ਦਾ ਖੋਖਾ ਸੀ, ਇਸ ਦਾ ਮਾਲਕ ਅਖ਼ਬਾਰਾਂ ਵਾਲਾ ਬਲਦੇਵ ਕੁਮਾਰ ਸੂਦ ਹੁੰਦਾ ਸੀ ਜੋ ਮੇਰਾ ਗੂੜ੍ਹਾ ਮਿੱਤਰ ਸੀ, ਮੈਂ ਅਕਸਰ ਉਸ ਦੇ ਸਟਾਲ ਤੇ ਖਲੋ ਕੇ ਕਿਤਾਬਾਂ ਜਾਂ ਰਸਾਲੇ ਛਾਂਟਦਾ ਰਹਿੰਦਾ, ਕਦੇ ਕਦੇ ਬਲਦੇਵ ਕੁਮਾਰ ਖੁਦ ਹੀ, ਬਿਨਾਂ ਕੀਮਤ ਵਸੂਲੇ ਕੋਈ ਕਿਤਾਬ ਪੜ੍ਹਨ ਦੀ ਸਿਫ਼ਾਰਿਸ਼ ਕਰ ਦਿੰਦਾ, ਬੱਸ ਉਸ ਦੀ ਇੱਕ ਹੀ ਤਾਕੀਦ ਹੁੰਦੀ ਸੀ, ਕਿ ਕਿਤਾਬ ਗੰਦੀ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ ਇਸਦੀ ਜਿਲਦ ਜਾਂ ਕੋਈ ਸਫ਼ਾ ਉੱਖੜਿਆ ਜਾਂ ਮੁੜਿਆ ਹੋਣਾਂ ਚਾਹੀਦਾ ਹੈ। ਬਲਦੇਵ ਕੁਮਾਰ ਦੇ ਵਾਲਦ ਮਰਹੂਮ ਭੋਲਾ ਨਾਥ ਜੀ ਵੀ ਮੇਰੀ ਸੋਝੀ ਤੋਂ ਵੀ ਪਹਿਲਾਂ, ਸ਼ਹਿਰ ਵਿੱਚ ਅਖ਼ਬਾਰਾਂ ਵੇਚਣ ਤੇ ਵੰਡਣ ਦਾ ਕੰਮ ਕਰਦੇ ਸਨ। ਮੇਰੀ ਸ਼ਖ਼ਸੀਅਤ ਉਸਾਰੀ ਅਤੇ ਫ਼ਿਕਰੀ ਤਹਿਜ਼ੀਬ ਦੀ ਤਰਬੀਅਤ ਵਿੱਚ, ਸਰਹੰਦ ਦੇ ਰੋਪੜ-ਬੱਸ ਅੱਡੇ ਉੱਤੇ ਸਥਿੱਤ ਬਲਦੇਵ ਕੁਮਾਰ ਸੂਦ ਦੇ

ਅਖ਼ਬਾਰਾਂ ਵਾਲੇ ਖੋਖੇ ਦੀ ਅਹਿਮੀਅਤ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਮੈਂ ਇੱਕ ਵਾਰੀ ਬਲਦੇਵ ਕੁਮਾਰ ਦੇ ਪਿਤਾ ਜੀ ਮਰਹੂਮ ਭੋਲੇ ਨਾਥ ਜੀ ਤੋਂ ਪੁੱਛਿਆ ਕਿ ਹਰੇਕ ਵੱਡੇ ਰੇਲਵੇ ਸਟੇਸ਼ਨ ਜਾਂ ਬੱਸ ਅੱਡੇ ਉੱਤੇ ਕਿਤਾਬਾਂ ਤੇ ਰਸਾਲਿਆਂ ਦਾ ਸਟਾਲ ਕਿਉਂ ਹੁੰਦੇ ਹਨ ਤਾਂ ਉਨ੍ਹਾਂ ਉੱਤਰ ਦਿੱਤਾ "ਬੇਟਾ, ਅਖ਼ਬਾਰ, ਰਸਾਲਾ ਜਾਂ ਕਿਤਾਬ ਪੜ੍ਹਦੇ ਹੋਏ, ਹਰ ਸਫ਼ਰ ਆਰਾਮ ਨਾਲ, ਬਿਨਾਂ ਕਿਸੇ ਥਕਾਵਟ ਦੇ ਕਟ ਜਾਂਦਾ ਹੈ"। ਮੈਨੂੰ ਮੇਰੇ ਉਲਝੇ ਹੋਏ ਸਵਾਲ ਦਾ ਉੱਤਰ ਮਿਲ ਗਿਆ ਤੇ ਉਸ ਤੋਂ ਬਾਅਦ ਤਾਂ ਮੈਂ ਆਦਤ ਹੀ ਬਣਾ ਲਈ ਕਿ ਜਦੋਂ ਵੀ ਕੋਈ ਸਫ਼ਰ ਕਰਨਾ ਹੈ ਤਾਂ ਕੋਈ ਨਾ ਕੋਈ ਕਿਤਾਬ ਪੜ੍ਹਦੇ ਹੋਏ ਕਰਨਾ ਹੈ। ਇਸੇ ਆਦਤ ਕਾਰਨ ਜ਼ਿੰਦਗੀ ਦਾ ਸਫ਼ਰ ਵੀ ਕਿਤਾਬਾਂ ਦੇ ਸਹਾਰੇ ਕਟ ਗਿਆ ਹੈ। ਕਿਤਾਬਾਂ ਪੜ੍ਹਨ ਦੀ ਤਾਘ ਕਾਰਨ ਹੀ, ਅੱਜ ਮੇਰੀ ਆਪਣੀ ਨਿੱਜੀ ਲਾਇਬਰੇਰੀ ਵਿੱਚ 14000 ਤੋਂ ਵੱਧ ਪੁਸਤਕਾਂ ਹਨ।

ਮੇਰੀ ਅਲਪ ਬੁੱਧੀ ਅਨੁਸਾਰ ਮਨੁੱਖੀ ਜੀਵਨ ਦੀਆਂ ਬੇਸ਼ੁਮਾਰ ਪਰਤਾਂ ਹਨ। ਸੋਝੀ ਸੰਭਾਲਣ ਤੋਂ ਮਰਨ ਤੀਕਰ, ਹਰ ਚੇਤਨ ਮਨੁੱਖ, ਆਪਣੇ ਅਤੇ ਆਪਣੇ ਪਰਿਵਾਰ ਦੇ ਜੀਵਨ ਨੂੰ, ਇੱਕ ਸੁਚੱਜੀ ਤਰਤੀਬ ਵਿੱਚ ਢਾਲਣ ਦੀ , ਮਗਨਤਾ ਨਾਲ ਕੋਸ਼ਿਸ਼ ਕਰਦਾ ਰਹਿੰਦਾ ਹੈ। ਇਹ ਵੀ ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਜ਼ਿਆਦਾ ਮਨੁੱਖ, ਆਪਣੇ ਜੀਵਨ ਦੀ ਅਵਧੀ ਵਿੱਚ, ਆਪਣੇ ਮਾਦਾ ਵਜੂਦ ਵਿੱਚ ਕੋਈ ਗੁਣਵਾਚਕ ਤਬਦੀਲੀ ਨਹੀਂ ਕਰਦੇ, ਕਿਉਂਕਿ ਉਹ ਸ਼ਖ਼ਸੀਅਤ ਉਸਾਰੀ ਦੇ ਗਿਆਨ ਤੋਂ ਅਣਜਾਣ ਹੁੰਦੇ ਹਨ। ਭਾਵੇਂ ਸ਼ਖ਼ਸੀਅਤ ਉਸਾਰੀ ਅੱਜ ਸਾਡੀਆਂ ਪਾਠ ਪੁਸਤਕਾਂ ਦਾ ਵਿਸ਼ਾ ਨਹੀਂ ਹੈ ਪਰ ਜੋ ਸਿੱਖਿਆ ਅਸੀਂ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਦੇ ਰਹੇ ਹਾਂ, ਉਹ ਕੇਵਲ ਲਾਹੇਵੰਦ ਰੁਜ਼ਗਾਰ ਦੇ ਮੌਕੇ ਪ੍ਰਾਪਤ ਕਰਨ ਦੇ ਮਨੋਰਥ ਨਾਲ ਹੀ ਦਿੱਤੀ ਜਾ ਰਹੀ ਹੈ। ਤਾਲੀਮ ਅਤੇ ਇਲਮ ਗਿਆਨ ਦੀਆਂ, ਦੋ ਵੱਖੋ ਵੱਖਰੀਆਂ ਪੱਧਤੀਆਂ ਤੇ ਧਾਰਾਵਾਂ ਹਨ। ਤਾਲੀਮ ਰੁਜ਼ਗਾਰ ਲਈ ਹੈ ਤੇ ਇਲਮ ਜ਼ਿੰਦਗੀ ਲਈ ਹੈ। ਇਲਮ ਸਾਡੀ ਹਯਾਤੀ ਦੇ ਇਖਲਾਕੀ ਵਜੂਦ ਦਾ ਤਰਜ਼ਮਾਨ ਹੈ। ਇਲਮ ਅਤੇ ਇਖ਼ਲਾਕ, ਇਨਸਾਨੀ ਸਮਾਜ ਦੇ ਸ਼ਊਰੀ ਵਜੂਦ ਲਈ ਬੇਹੱਦ ਅਹਿਮ ਤੇ ਨਿਰਵਿਵਾਦ ਅਮਲ ਹੈ। ਇੱਕ ਸਧਾਰਨ ਮਨੁੱਖ ਤੋਂ ਪ੍ਰਭਾਵਸ਼ਾਲੀ ਇਨਸਾਨ ਬਣਨ ਤੀਕਰ ਦੇ ਸਫ਼ਰ ਵਿੱਚ, ਕਿਤਾਬ ਦੀ ਅਹਿਮ ਭੂਮਿਕਾ ਹੈ। ਮਨੁੱਖ ਦੇ ਮਾਦਾ ਵਜੂਦ ਨੂੰ ਸੰਵਾਰਨ ਅਤੇ ਨਿਖਾਰਨ ਲਈ, ਬੁਲੰਦ ਇਖਲਾਕ, ਨਿਸ਼ਚੇਆਤਮਿਕ ਤੇ ਸਾਫ਼-ਸੁਥਰੇ ਅਮਲ, ਮਨੁੱਖੀ ਜੀਵਨ ਦੇ ਵਡੱਪਣ ਲਈ ਜ਼ਰੂਰੀ ਹਨ। ਕਿਸੇ ਵੀ ਇਨਸਾਨੀ ਸਮਾਜ ਦਾ ਸੁਚੱਜ ਤੇ ਅਦਬੋ-ਆਦਾਬ, ਮੁਆਸ਼ਰੇ ਦੇ ਸ਼ਊਰ ਤੇ ਰਵੱਈਏ ਤੇ ਨਿਰਭਰ ਕਰਦੇ ਹਨ। ਜੀਵਨ ਦੀਆਂ ਸਹੀ ਤਰਜ਼ੀਹਾਂ ਨੂੰ ਗਿਆਨ ਦੇ ਸਾਂਚੇ ਵਿੱਚ ਢਾਲ ਕੇ ਤਰਤੀਬਤ ਕਰਨਾ, ਮਨੁੱਖੀ ਸਮਾਜ ਦੇ ਰਵੱਈਏ ਵਿੱਚ ਸ਼ਾਮਲ ਹੋਣਾ ਜ਼ਰੂਰੀ ਹੈ। ਮਨੁੱਖ ਦੀ ਬੁੱਧੀ ਦੇ ਵਿਕਾਸ ਲਈ'ਉਪਦੇਸ਼' ਇੱਕ ਆਵਸ਼ਕ ਬੌਧਿਕ ਨਿਵੇਸ਼ ਹੈ। ਮਨੁੱਖ ਅਤੇ ਇਨਸਾਨ ਦੇ ਵਜੂਦ ਦੇ ਸੂਖਮ ਅੰਤਰਾਂ ਨੂੰ ਸਮਝਣ ਲਈ, ਦੋਹਵਾਂ ਅਵਸਥਾਵਾਂ ਦੇ ਲੱਛਣਾਂ ਦਾ, ਤਸ਼ਖੀਸ਼ੀ ਵਿਸ਼ਲੇਸ਼ਨ ਕਰਨਾ ਜ਼ਰੂਰੀ ਹੈ। ਪ੍ਰਸਿੱਧ ਸ਼ਾਇਰ ਅਲਤਾਫ਼ ਹੁਸੈਨ ਹਾਲੀ ਦਾ ਇੱਕ ਉਮਦਾ ਸ਼ੇਅਰ ਇਸ ਅਮਲ ਦੀ ਤਰਜ਼ਮਾਨੀ ਕਰਦਾ ਹੈ ;

ਫ਼ਰਿਸ਼ਤੇ ਸੇ ਬੜ ਕਰ ਹੈ ਇਨਸਾਨ ਬਨਨਾ, ਮਗਰ ਇਸ ਮੇ ਲਗਤੀ ਹੈ ਮੇਹਨਤ ਜ਼ਿਆਦਾ ।

ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਅਨੁਸਾਰ, ਹਰ ਮਨੁੱਖ ਦਾ ਜਿਹਨੀ ਤਸੱਵਫ਼ ਹਨੇਰਿਆਂ ਤੇ ਅੰਧਕਾਰਾਂ ਵਿੱਚ ਗਵਾਚਿਆ ਹੋਇਆ ਹੈ, ਪਰ ਉਸ ਨੂੰ ਇਸ ਗੱਲ ਦਾ ਇਲਮ ਨਹੀਂ ਕਿ ਇਸ ਅੰਧਕਾਰ ਦੇ

ਹਨੇਰੇ ਨੂੰ ਦੂਰ ਕਰਨ ਲਈ ਉਸ ਦੇ ਅੰਦਰ ਇਕ ਜੋਤ ਵੀ ਹੈ ਜਿਸ ਨੂੰ ਜਗਾਉਂਣਾ, ਜੀਵਨ ਦੇ ਸੰਚਾਲਣ ਲਈ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ;

ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥
ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸ ਅਗਿਆਨ ਮਿਟੰਤੁ ॥

( ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 791)

ਸਾਹਿਤ ਸਮਾਜ ਦੇ ਤਗੱਈਅਰ ਦਾ ਸ਼ੀਸ਼ਾ ਹੈ, ਕਿਤਾਬ ਲੇਖਕ ਦੀ ਵਡਮੁੱਲੀ ਜਾਣਕਾਰੀ, ਵਿਚਾਰਾਂ ਦੀ ਜੁਜਬੰਦੀ ਅਤੇ ਭਾਵਨਾਵਾਂ ਦਾ ਜ਼ਹੂਰ ਹੈ। ਹਰ ਮਨੁੱਖ ਦਾ ਲੇਖਕ ਜਾਂ ਸ਼ਾਇਰ ਹੋਣਾ ਸੰਭਵ ਨਹੀਂ। ਵਿਚਾਰਾ ਦੇ ਅਨੁਭਵ ਨੂੰ ਅੱਖਰਾਂ ਰਾਹੀਂ ਵਿਅਕਤ ਕਰਨ ਦੀ ਸਿਰਜਨਸ਼ੀਲਤਾ ਦੀ ਕਲਾ ਵਿਰਲਿਆਂ ਦੇ ਹਿੱਸੇ ਆਉਂਦੀ ਹੈ। ਕਿਤਾਬਾਂ ਦੀ ਸਿਰਜਨਾ ਸਮਾਜ ਨੂੰ ਸਹੀ ਸੇਧ ਦੇਣ ਅਤੇ ਵਿਚਾਰ ਦਾ ਵਿਸਤਾਰ ਪਰਗਟ ਦੇ ਮਨੋਰਥ ਨਾਲ ਕੀਤੀ ਜਾਂਦੀ ਹੈ । ਕਿਤਾਬਾਂ ਗਿਆਨ ਦਾ ਸਥਾਈ ਸੋਮਾਂ ਹਨ, ਦਾਨਿਸ਼ਵਰਾਂ ਦੀਆਂ ਕਿਤਾਬਾਂ ਦੇ ਹਵਾਲੇ, ਜੀਵਨ ਦੀਆਂ ਉਲਝਣਾਂ ਨੂੰ ਸਮਝਣ ਅਤੇ ਸੁਲਝਾਉਂਣ ਵਿੱਚ ਸਹਾਈ ਹੁੰਦੇ ਹਨ। ਪੁਸਤਕਾਂ ਗਿਆਨ ਦੇ ਭੰਡਾਰ ਹਨ, ਪੁਸਤਕਾਂ ਵਿੱਚ ਲਿਖੇ ਦਾਨਾਈ ਅਤੇ ਬੁੱਧੀ-ਵਿਵੇਕ ਹਰਫ, ਅਕਲ ਦੇ ਸੂਖਮ ਮੋਤੀਆਂ ਵਾਂਗ ਹੁੰਦੇ ਹਨ, ਸਾਹਿਤ ਦੀਆਂ ਸਿੱਪੀਆਂ ਵਿੱਚੋਂ ਦਾਨਾਈ ਦੇ ਮੋਤੀਆਂ ਦਾ ਚੋਗ ਚੁਗਣ ਲਈ, ਇੱਕ ਉਚੇਰੀ ਸਚੇਤਤਾ ਅਤੇ ਘਾਲਣਾ ਦੀ ਲੋੜ ਹੈ। ਇਸ ਪ੍ਰਸੰਗ ਵਿੱਚ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ;

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨ ਪਰਗਾਸੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 293)

(ਅਰਥਾਤ : ਅਸਰੀਰੀ ਗਿਆਨ ਦਾ ਬੋਧ, ਪਰਮਾਤਮਾ ਦੀ ਬਖ਼ਸ਼ਿਸ਼ ਹੈ, ਇਸ ਬੋਧਸ਼ਕਤੀ ਦੀ ਸਮਝ ਨਾਲ ਅਗਿਆਨ ਦੇ ਹਨੇਰੇ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸ ਕਿਰਪਾ ਰਾਹੀਂ ਹੀ ਮਨੁੱਖ ਦੀ ਸੋਚ ਪ੍ਰਬੁੱਧ ਅਤੇ ਸੁਰਤੀ ਵਿੱਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ)

ਸਾਡੇ ਮੁਆਸ਼ਰੇ ਪਾਸ ਕਿਤਾਬਾਂ ਦਾ ਖਜ਼ਾਨਾ ਤਾਂ ਬਹੁਤ ਹੈ ਪਰ ਪਾਠਕਾਂ ਦੀ ਦੁਰਲੱਭਤਾ, ਵੱਡੇ ਫਿਕਰ ਦਾ ਕਾਰਨ ਹੈ। ਨਵੀਂ ਪੀੜ੍ਹੀ ਤਾਂ ਕਿਤਾਬਾਂ ਤੋਂ ਇਸ ਕਦਰ ਬੇਜ਼ਾਰ ਹੈ ਜਿਵੇਂ ਕਿਤਬਾਂ ਵਿੱਚ ਜਾਣਕਾਰੀਆ ਤੇ ਗਿਆਨ ਨਹੀਂ, ਸਗੋਂ ਕੋਈ ਅਲਰਜੀ ਰੋਗ ਸਿਮਟਿਆ ਹੁੰਦਾ ਹੈ। ਜਿਵੇਂ ਅੰਨ ਸਾਡੀ ਸਰੀਰਕ ਲੋੜ ਹੈ ਤਿਵੇਂ ਗਿਆਨ ਅਤੇ ਸੁਖਨ, ਸਾਡੇ ਰੂਹਾਨੀ ਵਜੂਦ ਅਤੇ ਤਹਿਜ਼ੀਬ ਦੀ ਤ੍ਰੇਹ ਹੈ। ਗਿਆਨ ਦੇ ਸੰਚਾਰ ਲਈ ਕਿਤਾਬ ਇੱਕ ਸੂਤਰਧਾਰ ਹੈ। ਕਿਤਾਬ ਵਿਰਾਸਤੀ ਅਦਬ ਨੂੰ ਅਗਲੀ ਪੀੜ੍ਹੀ ਦੇ ਸਪੁਰਦ ਕਰਨ ਦਾ ਵਾਹਦ ਇੱਕੋ-ਇੱਕ ਜ਼ਰੀਆ ਹੈ। ਜਿਹੜੀਆਂ ਕੌਮਾਂ ਕਿਤਾਬ ਨਾਲੋਂ ਵਾਸਤਾ ਤਜ ਦਿੰਦੀਆਂ ਹਨ, ਉਹ ਗਿਆਨ ਦੇ ਬੁਨਿਆਦੀ ਸ੍ਰੋਤ ਤੋਂ ਵਾਂਝਿਆਂ ਹੋ ਜਾਂਦੀਆਂ ਹਨ, ਅਜੇਹੀਆਂ ਕੌਮਾਂ ਦਾ ਵਜੂਦ, ਹਰੂਫ਼-ਏ-ਬਾਤਿਲ ਦੀ ਤਰ੍ਹਾਂ, ਸਫ਼ਾ-ਏ ਹਸਤੀ ਤੋਂ ਸਮਾ ਪਾ ਕੇ ਹੌਲ਼ੀ ਹੌਲ਼ੀ, ਸਦਾ ਲਈ ਮਿਟ ਜਾਂਦਾ ਹੈ।

**ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ, ਸੰਪਰਕ :9814033362**

# ਗੁਰਮਤਿ ਸੰਗੀਤ ਚੇਅਰ ਵੱਲੋਂ ਕਰਵਾਏ ਗਏ ਕਾਰਜਾਂ ਦੀ ਰਿਪੋਰਟ

## ਪੰਜਾਬ ਦੇ ਸ਼ਾਸਤਰੀ ਸੰਗੀਤਕਾਰਾਂ ਨਾਲ ਵਾਰਤਾਲਾਪ ਲੜੀ ਅਧੀਨ ਉੱਘੇ ਸ਼ਾਸਤਰੀ ਗਾਇਕ ਅਤੇ ਰਚਨਾਕਾਰ ਪੰਡਿਤ ਸੋਮ ਦੱਤ ਬੱਟੂ ਨਾਲ ਆਨਲਾਈਨ ਵਾਰਤਾਲਾਪ

(ਮਿਤੀ 03.07.2021)

ਗੁਰਮਤਿ ਸੰਗੀਤ ਚੇਅਰ ਵੱਲੋਂ ਸਰਬ ਅਕਾਲ ਮਿਊਜ਼ਿਕ ਸੁਸਾਇਟੀ ਆਫ਼ ਕੈਲਗਰੀ (ਕੈਨੇਡਾ) ਨਾਲ ਮਿਲ ਕੇ ਪੰਜਾਬ ਦੇ ਸ਼ਾਸਤਰੀ ਸੰਗੀਤਕਾਰਾਂ ਨਾਲ ਵਾਰਤਾਲਾਪ ਲੜੀ ਅਧੀਨ ਵਿਖਿਆਤ ਸ਼ਾਸਤਰੀ ਗਾਇਕ ਅਤੇ ਰਚਨਾਕਾਰ ਪੰਡਿਤ ਸੋਮ ਦੱਤ ਬੱਟੂ ਨਾਲ ਆਨਲਾਈਨ ਸੰਵਾਦ ਰਚਾਇਆ ਗਿਆ। ਸ਼ੁਰੂ ਵਿਚ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਅਤੇ ਸਰਬ ਅਕਾਲ ਮਿਊਜ਼ਿਕ ਸੁਸਾਇਟੀ ਦੇ ਪ੍ਰਧਾਨ ਭਾਈ ਹਰਜੀਤ ਸਿੰਘ ਵੱਲੋਂ ਪੰਡਿਤ ਸੋਮ ਦੱਤ ਬੱਟੂ ਅਤੇ ਹੋਰ ਸਰੋਤਿਆਂ ਦਾ ਸੁਆਗਤ ਕੀਤਾ ਗਿਆ। ਕੋਆਰਡੀਨੇਟਰ ਰਮਨਦੀਪ ਕੌਰ ਨੇ ਕਲਾਕਾਰ ਦਾ ਜੀਵਨ ਬਿਓਰਾ ਪੜ੍ਹਿਆ। ਉਪਰੰਤ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਅਤੇ ਵਿਖਿਆਤ ਸ਼ਾਸਤਰੀ ਗਾਇਕਾ ਡਾ. ਨਿਵੇਦਿਤਾ ਸਿੰਘ ਨੇ ਵਾਰਤਾਲਾਪ ਆਰੰਭਿਆ।

ਪੰਜਾਬ ਦੇ ਦੁਆਬਾ ਖੇਤਰ ਦੇ ਸਥਾਨ ਨਕੋਦਰ ਦੇ ਜੰਮਪਲ ਪੰਡਿਤ ਸੋਮ ਦੱਤ ਬੱਟੂ ਨੂੰ ਮੁਢਲੀ ਸਿੱਖਿਆ ਆਪਣੇ ਪਿਤਾ ਸ੍ਰੀ ਰਾਮ ਲਾਲ ਬੱਟੂ ਤੋਂ ਹਾਸਿਲ ਹੋਈ ਜੋ ਸ਼ਾਮਚੁਰਾਸੀ ਘਰਾਣੇ ਨਾਲ ਸਬੰਧ ਰੱਖਦੇ ਸਨ। ਉਪਰੰਤ ਪੰ. ਵਿਸ਼ਨੂ ਦਿਗੰਬਰ ਪਲੂਸਕਰ ਦੇ ਸ਼ਗਿਰਦ ਪੰਡਿਤ ਕੁੰਜ ਲਾਲ ਸ਼ਰਮਾ ਪਾਸੋਂ ਆਪ ਦੀ ਅਗਲੇਰੀ ਤਾਲੀਮ ਹੋਈ। ਪਟਿਆਲਾ ਘਰਾਣੇ ਦੀ ਗਾਇਕੀ ਆਪ ਨੂੰ ਪੰਡਿਤ ਕੁੰਦਨ ਲਾਲ ਭੂਤ, ਜੋ ਆਸ਼ਿਕ ਅਲੀ ਖਾਂ ਸਾਹਿਬ ਦੇ ਸ਼ਗਿਰਦ ਸਨ, ਤੋਂ ਹਾਸਿਲ ਹੋਈ ਅਤੇ ਨਾਲ ਹੀ ਇਸੇ ਘਰਾਣੇ ਤੋਂ ਤਾਲੀਮਸ਼ੁਦਾ ਗਾਇਕ ਕਰਮ ਸਿੰਘ ਚਕਰਵਰਤੀ ਤੋਂ ਵੀ ਆਪ ਨੂੰ ਸੰਗੀਤ ਸਿੱਖਣ ਦਾ ਅਵਸਰ ਪ੍ਰਾਪਤ ਹੋਇਆ। ਇਸ ਤਰ੍ਹਾਂ ਪਟਿਆਲਾ ਗਾਇਕੀ ਦਾ ਅੰਦਾਜ਼ ਤੇ ਵਿਸ਼ੇਸ਼ਤਾਵਾਂ ਆਪ ਦੇ ਅੰਦਰ ਬਾਖ਼ੂਬੀ ਵੱਸ ਗਈਆਂ।

ਵਾਰਤਾਲਾਪ ਦੌਰਾਨ ਆਪ ਨੇ ਪਟਿਆਲਾ ਘਰਾਣੇ ਦੀ ਗਾਇਕੀ ਦੀਆਂ ਵਿਸ਼ੇਸ਼ਤਾਵਾਂ ਦੱਸਦੇ ਹੋਏ ਇਸ ਘਰਾਣੇ ਦੇ ਮੂਲ ਗਵੱਈਏ ਉਸਤਾਦ ਦਿੱਤੇ ਖਾਂ ਦੀਆਂ ਪੰਜਾਬੀ ਬੰਦਿਸ਼ਾਂ ਦਾ ਗਾਇਨ ਕੀਤਾ। ਰਾਗ ਤੋੜੀ ਵਿਚ ਨਿਬੱਧ ਇਹ ਬੰਦਿਸ਼ਾਂ ਮਸਲਤ ਪੁਛਦੀਆਂ ਤੁਸਾਂ ਨੂੰ ਅਤੇ ਜਿੰਦ ਜਾਨ ਤੁਸਾਂ ਤੋਂ ਘੋਲੀ ਨੀ ਬਹੁਤ ਹੀ ਮਾਰਮਿਕ ਅੰਦਾਜ਼ ਵਿਚ ਗਾਈਆਂ। ਆਪ ਨੇ ਪੰਜਾਬੀ ਅੰਗ ਦਾ ਪ੍ਰਦਰਸ਼ਨ ਕਰਨ ਦੇ ਨਾਲ-ਨਾਲ ਆਪਣੇ ਵਲੋਂ ਸੁਰਬੱਧ ਸ਼ਬਦ ਕੀਰਤਨ ਰਚਨਾਵਾਂ ਦਾ ਗਾਇਨ ਵੀ ਕੀਤਾ ਅਤੇ ਆਪਣੇ ਗੁਰੂ ਕਰਮ ਸਿੰਘ ਚਕਰਵਰਤੀ ਦੀ ਰਚਨਾ ਵੀ ਸੁਣਾਈ। ਆਈ.ਸੀ.ਸੀ.ਆਰ. ਦੇ ਪਰਵਾਨਤ ਕਲਾਕਾਰ ਵਜੋਂ ਆਪ ਨੇ ਵਿਦੇਸ਼ਾਂ ਵਿਚ ਵੀ

ਹਿੰਦੁਸਤਾਨੀ ਸੰਗੀਤ ਦਾ ਪ੍ਰਚਾਰ-ਪ੍ਰਸਾਰ ਕੀਤਾ। ਪਹਿਲਾਂ ਦੇ ਅਤੇ ਹੁਣ ਦੇ ਸੰਗੀਤਕ ਮਾਹੌਲ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਸੰਗੀਤ ਦਾ ਰਾਹ ਉਹੀ ਹੈ ਜੋ ਪਹਿਲਾਂ ਸੀ। ਮਿਹਨਤ ਨਾਲ ਹੀ ਕੁਝ ਹਾਸਲ ਹੁੰਦਾ ਹੈ। ਖ਼ਿਆਲ ਦੇ ਨਾਲ-ਨਾਲ ਆਪ ਟੱਪਾ, ਸ਼ਬਦ ਕੀਰਤਨ, ਗ਼ਜ਼ਲ ਅਤੇ ਹੋਰ ਸ਼ੈਲੀਆਂ ਵਿਚ ਗਾਇਨ ਦੀ ਮੁਹਾਰਤ ਵੀ ਰੱਖਦੇ ਹਨ।

ਵਾਰਤਾਕਾਰ ਡਾ. ਨਿਵੇਦਿਤਾ ਸਿੰਘ ਨੇ ਪੰਡਿਤ ਸੋਮ ਦੱਤ ਬੱਟੂ ਦੇ ਜੀਵਨ ਅਤੇ ਸੰਗੀਤਕ ਸਫ਼ਰ ਬਾਰੇ ਦਿਲਚਸਪ ਢੰਗ ਨਾਲ ਸੰਵਾਦ ਰਚਾਇਆ ਜਿਸ ਨੂੰ ਵੱਡੀ ਗਿਣਤੀ ਵਿਚ ਵਿਸ਼ਵ ਭਰ ਤੋਂ ਜੁੜੇ ਸ੍ਰੋਤਿਆਂ ਵੱਲੋਂ ਸਰਾਹਿਆ ਗਿਆ। ਅੰਤ ਵਿਚ ਗੁਰਮਤਿ ਸੰਗੀਤ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਵੱਲੋਂ ਕਲਾਕਾਰ, ਵਾਰਤਾਕਾਰ ਅਤੇ ਸ੍ਰੋਤਿਆਂ ਦਾ ਧੰਨਵਾਦ ਕੀਤਾ ਗਿਆ।

## ‘ਭਗਤ ਕਬੀਰ ਜੀ ਦੀ ਬਾਣੀ ਦਾ ਧਾਰਮਿਕ ਅਤੇ ਸਮਾਜਿਕ ਅਧਿਐਨ’ ਵਿਸ਼ੇ ‘ਤੇ ਆਨਲਾਈਨ ਵਿਖਿਆਨ (ਮਿਤੀ 06.07.2021)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਵਲੋਂ ਸਾਂਝੇ ਰੂਪ ਵਿਚ ਗੁਰਮਤਿ ਵਿਖਿਆਨ ਵਿਸ਼ੇਸ਼ ਲੈਕਚਰ ਲੜੀ ਅਧੀਨ 15ਵੇਂ ਆਨਲਾਈਨ ਵਿਖਿਆਨ ਦਾ ਭਗਤ ਕਬੀਰ ਜੀ ਦੀ ਬਾਣੀ ਦਾ ਧਾਰਮਿਕ ਅਤੇ ਸਮਾਜਿਕ ਅਧਿਐਨ ਵਿਸ਼ੇ ਤੇ ਆਯੋਜਨ ਕੀਤਾ ਗਿਆ। ਸ਼ੁਰੂ ਵਿੱਚ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਨੇ ਮਹਿਮਾਨਾਂ ਅਤੇ ਸ੍ਰੋਤਿਆਂ ਦਾ ਸੁਆਗਤ ਕੀਤਾ ਅਤੇ ਦੱਸਿਆ ਕਿ ਭਗਤ ਕਬੀਰ ਜੀ ਦਾ ਆਗਮਨ ਮੱਧਕਾਲ ਦੇ ਉਸ ਸਮੇਂ ਵਿੱਚ ਹੋਇਆ ਜਦੋਂ ਧਰਮ ਤੇ ਜਾਤ-ਪਾਤ ਦੇ ਨਾਮ ਤੇ ਹਿੰਦੂ ਅਤੇ ਮੁਸਲਿਮ ਵਿਚ ਬਹੁਤ ਜਿਆਦਾ ਨਫ਼ਰਤ ਚੱਲ ਰਹੀ ਸੀ। ਭਾਵੇਂ ਕਬੀਰ ਜੀ ਬਾਰੇ ਹਿੰਦੂ ਜੁਲਾਹਾ ਲਿਖਿਆ ਮਿਲਦਾ ਹੈ ਪਰ ਉਨ੍ਹਾਂ ਨੇ ਬਾਣੀ ਵਿਚ ਧਾਰਮਿਕ ਕੱਟੜਤਾ ਦਾ ਵਿਰੋਧ ਕੀਤਾ ਹੈ। ਆਪ ਨੇ ਦੱਸਿਆ ਕਿ ਭਗਤ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 219 ਸ਼ਬਦ ਤੇ 45 ਸਲੋਕ 17 ਰਾਗਾਂ ਵਿੱਚ ਮਿਲਦੇ ਹਨ।

ਉਪਰੰਤ ਕੋਆਰਡੀਨੇਟਰ ਡਾ. ਹਰਮਿੰਦਰ ਕੌਰ ਨੇ ਮੁੱਖ ਵਕਤਾ ਡਾ. ਸ਼ਮਸ਼ੇਰ ਸਿੰਘ ਨਾਲ ਜਾਣ-ਪਛਾਣ ਕਰਵਾਈ ਜੋ ਪੰਜਾਬੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਤੋਂ ਸੇਵਾਮੁਕਤ ਪ੍ਰਾਧਿਆਪਕ ਹਨ। ਆਪ ਨੇ ਭਗਤ ਕਬੀਰ ਜੀ ਦੇ ਜੀਵਨ ਬਾਰੇ ਸੰਖੇਪ ਵਿਚ ਦੱਸਦੇ ਹੋਏ ਉਨ੍ਹਾਂ ਦੀ ਰਚੀ ਬਾਣੀ ਦੇ ਧਾਰਮਿਕ ਅਤੇ ਸਮਾਜਿਕ ਪੱਖਾਂ ਬਾਰੇ ਬਾਣੀ ਦੀਆਂ ਤੁਕਾਂ ਰਾਹੀਂ ਸਰੋਤਿਆਂ ਨੂੰ ਜਾਣਕਾਰੀ ਦਿੱਤੀ। ਉਸ ਸਮੇਂ ਪ੍ਰਚੱਲਿਤ ਅੰਧ ਵਿਸ਼ਵਾਸ, ਕਰਮ-ਕਾਂਡ ਅਤੇ ਜਾਤ-ਪਾਤ ‘ਤੇ ਕਬੀਰ ਜੀ ਨੇ ਬਾਣੀ ਰਾਹੀਂ ਚੋਟ ਕੀਤੀ ਜਿਵੇਂ ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥ ਅਤੇ ਗਗਨ ਦਮਾਮਾ ਬਾਜਿਓ... ਕਬਹੂ ਨ ਛਾਡੈ ਖੇਤੁ॥ ਇਨ੍ਹਾਂ ਤੁਕਾਂ ਤੋਂ ਉਨ੍ਹਾਂ ਦੇ ਦਲੇਰ ਅਤੇ ਕ੍ਰਾਂਤੀਕਾਰੀ ਹੋਣ ਦੀ ਉਦਾਹਰਣ ਮਿਲਦੀ ਹੈ।

ਭਾਵ ਇਹ ਕਿ ਭਗਤ ਜੀ ਨੇ ਜ਼ੁਲਮ ਅਤੇ ਜ਼ਾਲਮ ਦੇ ਵਿਰੁੱਧ ਭਗਤੀ ਦਾ ਹਥਿਆਰ ਵਰਤਿਆ।

ਵਿਖਿਆਨ ਵਿੱਚ ਮੁੱਖ ਮਹਿਮਾਨ ਵਜੋਂ ਡਾ. ਸਰਬਜੀਤ ਸਿੰਘ ਛੀਨਾ ਸ਼ਾਮਲ ਹੋਏ ਜੋ ਸੈਕਟਰੀ ਐਜੂਕੇਸ਼ਨ, ਚੀਫ਼ ਖ਼ਾਲਸਾ ਦੀਵਾਨ, ਸ੍ਰੀ ਅੰਮ੍ਰਿਤਸਰ ਹਨ। ਆਪ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ ਤੇ ਪੰਦਰਾਂ ਭਗਤਾਂ ਦੀ ਬਾਣੀ ਦਰਜ ਹੈ, ਜਿਨ੍ਹਾਂ ਵਿਚ ਭਗਤ ਕਬੀਰ ਜੀ ਦੀ ਬਾਣੀ ਸਭ ਤੋਂ ਵੱਧ ਹੈ। ਇਨ੍ਹਾਂ ਨੇ ਆਪਣੀ ਬਾਣੀ ਵਿਚ ਰੂਹਾਨੀ ਪੱਖ ਦੇ ਨਾਲ-ਨਾਲ ਸਮਾਜਿਕ ਪੱਖ ਨੂੰ ਵੀ ਉਜਾਗਰ ਕੀਤਾ। 'ਅਵਲਿ ਅਲਹ ਨੂਰੁ ਉਪਾਇਆ' ਸ਼ਬਦ ਰਾਹੀਂ ਇੱਕ ਪਰਮਾਤਮਾ ਅਤੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਜੋ ਕੇਵਲ ਭਾਰਤ ਲਈ ਹੀ ਨਹੀਂ ਸਗੋਂ ਪੂਰੇ ਸੰਸਾਰ ਲਈ ਹੈ।

ਸਮਾਰੋਹ ਦੇ ਅੰਤ ਵਿਚ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਦੇ ਇੰਚਾਰਜ ਡਾ. ਪਰਮੀਤ ਕੌਰ ਨੇ ਭਗਤ ਕਬੀਰ ਦੀ ਬਾਣੀ ਦੇ ਦਾਰਸ਼ਨਿਕ ਪੱਖ 'ਤੇ ਵਿਚਾਰ ਪ੍ਰਗਟ ਕੀਤੇ ਅਤੇ ਗੁਰਮਤਿ ਸੰਗੀਤ ਚੇਅਰ ਵੱਲੋਂ ਕਰਵਾਏ ਜਾਣ ਵਾਲੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਆਪ ਨੇ ਯੂਨੀਵਰਸਿਟੀ ਵੱਲੋਂ ਮੁੱਖ ਵਕਤਾ, ਮੁੱਖ ਮਹਿਮਾਨ, ਹੋਰ ਵਿਦਵਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਵੱਡੀ ਗਿਣਤੀ ਵਿਚ ਫ਼ੈਕਲਟੀ ਅਤੇ ਖੋਜਾਰਥੀਆਂ ਤੋਂ ਇਲਾਵਾ ਹੋਰ ਸਰੋਤਿਆਂ ਵਿੱਚ ਡਾ. ਅਬਨੀਤ, ਸੁਨੰਦਾ ਸ਼ਰਮਾ, ਰਾਜਨ ਸ਼ਰਮਾ, ਸ੍ਰੀਮਤੀ ਜਯੋਤੀ, ਸ. ਰਨਦੀਪ ਸਿੰਘ, ਭਾਈ ਹਰਦਿਲਾਵਰ ਸਿੰਘ, ਜਸਪ੍ਰੀਤ ਸਿੰਘ ਪ੍ਰੀਤ, ਸ. ਜਸਬੀਰ ਸਿੰਘ ਜਵੱਦੀ ਆਦਿ ਸ਼ਾਮਲ ਹੋਏ।

# ਰਾਗੁ ਮਾਲੀ ਗਉੜਾ

ਸੁਰਲਿਪੀ ਸਰਦਾਰ ਹਰਭਜਨ ਸਿੰਘ ਚੋਪੜਾ

**ਥਾਟ :** ਮਾਰਵਾ ( ਰੁ ਕੋਮਲ, ਦੋਨੋ 'ਧ', ਤੇ ਮੑ ਤੀਬਰ ) ॥
**ਜਾਤੀ** : ਸੰਪੂਰਨ॥
**ਸਮਾਂ :** ਦਿਨ ਦਾ ਚੌਥਾ ਪਹਿਰ ॥
**ਵਾਦੀ ਸਵਰ** : ਰੁ ॥ **ਸੰਵਾਦੀ ਸਵਰ** : ਪ ॥
**ਆਰੋਹ :** ਸ ਰੁ ਗ ਮੑ ਪ ਧ ਨ ਧ ਸੰ ॥
**ਅਵਰੋਹ :** ਸੰ ਨ ਧੁ ਪ, ਮੑ ਨ ਧੁ ਮੑ ਗ, ਰੁ ਸ ॥
**ਮੁਖ ਅੰਗ :** ਮੑ ਗ ਰੁ ਸ, ਧ਼ੁ ਨ਼ ਸ ਰੁ, ਨ ਧੁ ਪ, ਮੑ ਗ, ਮੑ ਧੁ ਸੰ ॥

## ਰਾਗੁ ਮਾਲੀ ਗਉੜਾ (ਝੱਪ ਤਾਲ)

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| | | | | ਅਸਥਾਈ | | | | | |
| ਮੑ | ਮੑ | ਪ | | – | | ਪ | ਧੁਪ | ਮੑ | |
| ਗ | ਰੁ | ਸ | | | | | | | |
| ਐ | .. | ਸੋ | | .. | | ..ਸ | ਹਾ | .. | |
| ਈ | .. | .. | | | | | | | |
| ਨ਼ | ਰੁ | ਸ | | – | | – | ਗ | ਮੑ | |
| ਪ | – | – | | | | | | | |
| [illegible] | [illegible] | [illegible] | | .. | | .. | [illegible] | .. | |
| | | | | ਅੰਤਰਾ | | | | | |
| ਮ | .. | .. | | | | | | | |
| ਪ | – | ਧ | | – | | ਨਰੁੰ | ਨ | ਧੁ | |
| ਪ | – | ਪ | | | | | | | |
| ਸਾ | .. | ਧ | | .. | | ਸੰ.. | ਗ | ਤਿ | |
| ਭ | .. | ਜੁ | | | | | | | |
| ਪ | – | ਮੑ | ਗ | ਗ | | ਗ | ਮੑ | ਗ | |
| ਰੁ | – | ਸ | | | | | | | |

RNI Regd. No. 46788/89 ISSN 0972-2335

# ਸੁਰਲਿਪੀ ਵਾਲਾ ਸ਼ਬਦ ਅਤੇ ਅਰਥ

ਮਾਲੀ ਗਉੜਾ ਮਹਲਾ ੫ ॥
maalee gourraa mehalaa 5 ||
Maalee Gauraa, Fifth Mehl:
ਐਸੋ ਸਹਾਈ ਹਰਿ ਕੋ ਨਾਮ ॥
aiso sehaaee har ko naam ||
This is the sort of helper the Name of the Lord is.
ਸਾਧਸੰਗਤਿ ਭਜੁ ਪੂਰਨ ਕਾਮ ॥੧॥ ਰਹਾਉ ॥
saadhhasa(n)gath bhaj pooran kaam ||1|| rehaao ||
Meditating in the Saadh Sangat, the Company of the Holy, one s affairs are perfectly resolved. ||1||Pause||
ਬੂਡਤ ਕਉ ਜੈਸੇ ਬੇੜੀ ਮਿਲਤ ॥
booddath ko jaisae baerree milath ||
It is like a boat to a drowning man.
ਬੂਝਤ ਦੀਪਕ ਮਿਲਤ ਤਿਲਤ ॥
boojhath dheepak milath thilath ||
It is like oil to the lamp whose flame is dying out.
ਜਲਤ ਅਗਨੀ ਮਿਲਤ ਨੀਰ ॥
jalath aganee milath neer ||
It is like water poured on the burning fire.
ਜੈਸੇ ਬਾਰਿਕ ਮੁਖਹਿ ਖੀਰ ॥੧॥
jaisae baarik mukhehi kheer ||1||
It is like milk poured into the baby s mouth. ||1||
ਜੈਸੇ ਰਣ ਮਹਿ ਸਖਾ ਭ੍ਰਾਤ ॥
jaisae ran mehi sakhaa bhraath ||
As one s brother becomes a helper on the field of battle;
ਜੈਸੇ ਭੂਖੇ ਭੋਜਨ ਮਾਤ ॥
jaisae bhookhae bhojan maath ||
as one s hunger is satisfied by food;
ਜੈਸੇ ਕਿਰਖਹਿ ਬਰਸ ਮੇਘ ॥
jaisae kirakhehi baras maegh ||
as the cloudburst saves the crops;
ਜੈਸੇ ਪਾਲਨ ਸਰਨਿ ਸੇਂਘ ॥੨॥
jaisae paalan saran sae(n)agh ||2||
as one is protected in the tiger s lair;||2||
ਗਰੁੜ ਮੁਖਿ ਨਹੀ ਸਰਪ ਤ੍ਰਾਸ ॥
garurr mukh nehee sarap thraas ||
As with the magic spell of Garuda the eagle upon one s lips, one does not fear the snake;
ਸੂਆ ਪਿੰਜਰਿ ਨਹੀ ਖਾਇ ਬਿਲਾਸੁ ॥
sooaa pi(n)jar nehee khaae bilaas ||
as the cat cannot eat the parrot in its cage;
ਜੈਸੋ ਆਂਡੋ ਹਿਰਦੇ ਮਾਹਿ ॥
jaiso aaa(n)ddo hiradhae maahi ||
as the bird cherishes her eggs in her heart;
ਜੈਸੋ ਦਾਨੋ ਚਕੀ ਦਰਾਹਿ ॥੩॥
jaiso dhaano chakee dharaahi ||3||
as the grains are spared, by sticking to the central post of the mill;||3||
ਬਹੁਤੁ ਓਪਮਾ ਥੋਰ ਕਹੀ ॥
bahuth oupamaa thhor kehee ||
Your Glory is so great; I can describe only a tiny bit of it.
ਹਰਿ ਅਗਮ ਅਗਮ ਅਗਾਧਿ ਤੁਹੀ ॥
har agam agam agaadhh thuhee ||
O Lord, You are inaccessible, unapproachable and unfathomable.
ਊਚ ਮੂਚੌ ਬਹੁ ਅਪਾਰ ॥
ooch moocha bahu apaar ||
You are lofty and high, utterly great and infinite.
ਸਿਮਰਤ ਨਾਨਕ ਤਰੇ ਸਾਰ ॥੪॥੩॥
simarath naanak tharae saar ||4||3||
Meditating in remembrance on the Lord, O Nanak, one is carried across. ||4||3||

(ਬਾਣੀ ਗੁਰੂ ਅਰਜਨ ਦੇਵ ਜੀ (ਅੰਗ 986, ਰਾਗੁ ਮਾਲੀ ਗਉੜਾ)